# ਅੰਤਿਕਾ 1

# ਮਨਬਦਲੀ ਦਾ ਖ਼ੁਦਾਈ ਕੰਮ

*''ਅਖ਼ੀਰ ਵਿਚ ਸਭ ਕੁਝ ਖ਼ੁਦਾ ਦੇ ਰਹਿਮ ਤੇ ਟਿਕਿਆ ਹੈ। ਉਹਦੀ ਦਿਆ ਮੁਕਤੀ ਦਾ ਵਸੀਲਾ ਅਤੇ ਮੁਕਤੀ ਨੂੰ ਬਣਾਈ ਰੱਖਣ ਵਾਲੀ ਸ਼ਕਤੀ ਅਤੇ ਪ੍ਰੇਰਣਾ ਹੈ।''*

ਪਾਪੀ ਦੇ ਮਸੀਹੀ ਬਣਨ ਦਾ ਫ਼ੈਸਲਾ ਲੈ ਲੈਣ ਤੇ ਖ਼ੁਦਾ ਉਹਦੇ ਲਈ ਕੀ ਕਰਦਾ ਹੈ? ਪਾਪੀ ਨੂੰ ਮੁਕਤੀ ਵਿਚ ਲਿਆਉਂਦਿਆਂ ਉਹ ਕਿਹੜੇ ਖ਼ੁਦਾਈ ਕੰਮ ਕਰਦਾ ਹੈ? ਜੇ ਸਾਨੂੰ ਸਮਝ ਆ ਸਕੇ ਕਿ ਮਸੀਹ ਦੀ ਦੇਹ ਭਾਵ ਕਲੀਸੀਆ ਵਿਚ ਸਾਡੇ ਆਉਣ ਵੇਲੇ ਖ਼ੁਦਾ ਸਾਡੇ ਲਈ ਕੀ ਕਰਦਾ ਹੈ, ਤਾਂ ਇਸ ''ਖ਼ਾਸ ਸ਼ੁਰੂਆਤ'' ਜਿਸ ਨੂੰ ਅਸੀਂ ''ਮਸੀਹ ਵੱਲ ਮਨਬਦਲੀ'' ਆਖਦੇ ਹਾਂ, ਵਾਸਤੇ ਸਾਡੀ ਸ਼ੁਕਰਗੁਜ਼ਾਰੀ ਬੇਇੰਤਹਾ ਵਧ ਜਾਵੇਗੀ।

ਕਿਸੇ ਦੇ ਮਸੀਹੀ ਬਣਨ ਵੇਲੇ ਖ਼ੁਦਾ ਕੰਮਾਂ ਦੀ ਇਸ ਸੂਚੀ ਦਾ ਗੌਰ ਨਾਲ ਅਧਿਐਨ ਕਰੋ। ਹਰ ਕੰਮ ਦੇ ਨਾਂਅ ਹੇਠ ਤੁਹਾਨੂੰ ਬਾਈਬਲ ਦੀ ਘੱਟੋ ਘੱਟ ਇਕ ਆਇਤ ਮਿਲੇਗੀ ਜੋ ਸੰਕੇਦ ਦਿੰਦੀ ਹੈ ਕਿ ਖ਼ੁਦਾ ਸਚਮੁਚ ਇਹ ਕੰਮ ਕਰਦਾ ਹੈ। ਕਈ ਮਾਮਲਿਆ ਵਿਚ ਬਹੁਤ ਸਾਰੀਆ ਆਇਤਾਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ, ਪਰ ਇਹ ਸਾਬਿਤ ਕਰਨ ਲਈ ਕਿ ਕੰਮ ਹੁੰਦਾ ਹੈ, ਇੱਕੋ ਆਇਤ ਕਾਫ਼ੀ ਹੈ। ਤੁਸੀਂ ਵੇਖੋਗੇ ਕਿ ਇਸ ਮੁਤਾਬਿਕ ਕਿਸੇ ਦੇ ਮਸੀਹੀ ਬਣਨ ਵੇਲੇ ਸਾਡੇ ਕਿਰਪਾਲ ਪਰਮੇਸ਼ੁਰ ਵਲੋਂ ਬਤਾਲੀ ਵੱਖੋ-ਵੱਖ ਅਤੇ/ਜਾਂ ਮਿਲਦੇ-ਜੁਲਦੇ ਕੰਮ ਕੀਤੇ ਜਾਂਦੇ ਹਨ। ਇਸ ਸੰਦਰਭ ਵਿਚ ਕੰਮਾਂ ਵਿਚਕਾਰ ਫ਼ਰਕ ਦੀਆਂ ਮੋਟੀਆਂ ਲਕੀਰਾਂ ਖਿੱਚੀਆਂ ਗਈਆਂ ਹਨ। ਇਸ ਸੂਚੀ ਦਾ ਮਕਸਦ ਸਾਡੇ ਧਿਆਨ ਵਿਚ ਉਨ੍ਹਾਂ ਆਇਤਾਂ ਨੂੰ ਲਿਆਉਣ ਜਿਨ੍ਹਾਂ ਤੋਂ ਸਾਡੇ ਖ਼ੁਦਾ ਦੇ ਪਰਿਵਾਰ ਵਿਚ ਆਉਣ ਤੇ ਖ਼ੁਦਾ ਦੇ ਕੰਮਾਂ ਬਾਰੇ ਦਸਿਆ ਗਿਆ ਹੈ। ਤਕਰੀਬਨ ਇਕ ਝਲਕ ਵਿਚ ਅਸੀਂ ਉਨ੍ਹਾਂ ਕੰਮਾਂ ਦਾ ਸਕੋਪ ਵੇਖਾਂਗੇ।

(1) **ਮਸੀਹ ਸਾਨੂੰ ਮੁਕਤੀਦਾਤੇ ਦੇ ਰੂਪ ਵਿਚ ਦਿੱਤਾ ਗਿਆ ਹੈ।**

ਤੀਤੁਸ 3:5, 6

''ਉਸ ਨੇ ਉਨ੍ਹਾਂ ਧਰਮ ਦੇ ਕਰਮਾਂ ਕਰਕੇ ਨਹੀਂ ਜੋ ਅਸਾਂ ਕੀਤੇ ਸਗੋਂ ਆਪਣੇ ਰਹਮ ਦੇ ਅਨੁਸਾਰ ਨਵੇਂ ਜਨਮ ਦੇ ਅਸ਼ਨਾਨ ਅਤੇ ਪਵਿੱਤਰ ਆਤਮਾ ਦੇ ਨਵੇਂ ਬਣਾਉਣ ਦੇ ਵਸੀਲੇ ਨਾਲ ਸਾਨੂੰ ਬਚਾਇਆ। ਜਿਸ ਨੂੰ ਉਸ ਨੇ ਸਾਡੇ ਮੁਕਤੀ ਦਾਤਾ ਯਿਸੂ ਮਸੀਹ ਦੇ ਦੁਆਰਾ ਸਾਡੇ ਉੱਤੇ ਬਹੁਤ ਕਰਕੇ ਵਹਾ ਦਿੱਤਾ।''

(2) **ਸਾਨੂੰ ਇਕ ਦੇਹ ਵਿਚ ਲਿਆਂਦਾ ਗਿਆ ਹੈ।**

1 ਕੁਰਿੰਥੀਆਂ 12:13

''ਕਿਉਂ ਜੋ ਅਸਾਂ ਸਭਨਾਂਨੂੰ, ਕੀ ਯਹੂਦੀ, ਕੀ ਯੂਨਾਨਾ, ਕੀ ਗੁਲਾਮ, ਕੀ ਅਜ਼ਾਦ, ਇਕ ਸਰੀਰ ਬਣਨ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ ਅਤੇ ਅਸਾਂ ਸਭਨਾਂ ਨੂੰ ਇਕ ਆਤਮਾ ਪਿਆਇਆ ਗਿਆ।''

(3) **ਸਾਨੂੰ ਮਸੀਹ ਨੂੰ ਪਹਿਨਾਇਆ ਗਿਆ ਹੈ।**

ਗਲਾਤੀਆਂ 3:27

''ਕਿਉਂ ਜੋ ਤੁਸਾਂ ਜਿੰਨਿਆਂ ਨੇ ਮਸੀਹ ਵਿਚ ਬਪਤਿਸਮਾ ਲਿਆ ਮਸੀਹ ਨੂੰ ਪਹਿਨ ਲਿਆ।''

(4) **ਸਾਨੂੰ ਮਸੀਹ ਦੀ ਮੌਤ ਦੇ ਲਾਭ ਮਿਲਦੇ ਹਨ।**

ਰੋਮੀਆਂ 6:3

''ਅਥਵਾ ਤੁਸੀਂ ਇਸ ਗੱਲ ਤੋਂ ਅਣਜਾਣ ਹੋ ਭਈ ਸਾਡੇ ਵਿੱਚੋਂ ਜਿਨ੍ਹਾਂ ਨੇ ਮਸੀਹ ਯਿਸੂ ਦਾ ਬਪਤਿਸਮਾ ਲਿਆ ਉਨ੍ਹਾਂ ਨੇ ਉਹਦੀ ਮੌਤ ਦਾ ਬਪਤਿਸਮਾ ਲਿਆ?''

(5) **ਅਸੀਂ ਪਰਮੇਸ਼ੁਰ ਤੋਂ ਜੰਮੇ ਹਾਂ।**

1 ਯੂਹੰਨਾ 5:1

''ਪਰ ਕੋਈ ਜਿਹੜਾ ਯਿਸੂ ਨੂੰ ਮਸੀਹ ਕਰਕੇ ਮੰਨਦਾ ਹੈ ਉਹ ਪਰਮੇਸ਼ੁਰ ਤੋਂ ਜੰਮਿਆ ਹੋਇਆ ਹੈ, ਅਤੇ ਹਰ ਕੋਈ ਜਿਹੜਾ ਜਣਨ ਵਾਲੇ ਨਾਲ ਪ੍ਰੇਮ ਰੱਖਦਾ ਹੈ ਉਹ ਉਸ ਨਾਲ ਭੀ ਪ੍ਰੇਮ ਰੱਖਦਾ ਹੈ ਜੋ ਉਹ ਤੋਂ ਜੰਮਿਆ ਹੈ।''

(6) **ਅਸੀਂ ਮਸੀਹ ਦੇ ਲਹੂ ਵਿਚ ਧੋਤੇ ਗਏ ਹਾਂ।**

ਪ੍ਰਕਾਸ਼ ਦੀ ਪੋਥੀ 1:5, 6

''ਨਾਲੇ ਯਿਸੂ ਮਸੀਹ ਦੀ ਵੱਲੋਂ ਜਿਹੜਾ ਸੱਚਾ ਗਵਾਹ ਅਤੇ ਮੁਰਦਿਆਂ ਵਿੱਚੋਂ ਜੇਠਾ ਅਤੇ ਧਰਤੀ ਦੇ ਰਾਜਿਆਂ ਦਾ ਹਾਕਮ ਹੈ। ਉਹ ਦੀ ਜਿਹੜਾ ਸਾਡੇ ਨਾਲ ਪ੍ਰੇਮ ਕਰਦਾ ਹੈ ਅਤੇ ਜਿਹ ਨੇ ਸਾਨੂੰ ਆਪਣੇ ਲਹੂ ਨਾਲ ਸਾਡੇ ਪਾਪਾਂ ਤੋਂ ਛੁਡਾ ਦਿੱਤਾ ਹੈ। ਅਤੇ ਉਸ ਨੇ ਸਾਨੂੰ ਇਕ ਬਾਦਸ਼ਾਹੀ ਬਣਾਇਆ ਭਈ ਅਸੀਂ ਉਹ ਦੇ ਪਰਮੇਸ਼ੁਰ ਅਤੇ ਪਿਤਾ ਲਈ ਜਾਜਕ ਬਣੀਏ, ਓਸੇ ਦੀ ਪਹਿਮਾ ਅਤੇ ਪ੍ਰਾਕਰਮ ਜੁੱਗੋ ਜੁੱਗ ਹੋਵੇ। ਆਮੀਨ।''

(7) **ਅਸੀਂ ਬਚਾਏ ਗਏ ਹਾਂ।**

ਮਰਕੁਸ 16:16

''ਜਿਹੜਾ ਨਿਚਹਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ ਪਰ ਜਿਹੜਾ ਪਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ।''

(8) **ਸਾਨੂੰ ਮਾਫ਼ ਕੀਤਾ ਗਿਆ ਹੈ।**

ਕੁਲੁੱਸੀਆਂ 1:13, 14

''ਅਤੇ ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤਰ ਦੇ ਰਾਜ ਵਿਚ ਪੁਚਾ ਦਿੱਤਾ। ਉਸ ਦੇ ਵਿਚ ਸਾਨੂੰ ਨਿਸਤਾਰਾ ਅਰਥਾਤ ਪਾਪਾਂ ਦੀ ਮਾਫ਼ੀ ਮਿਲਦੀ ਹੈ।''

(9) **ਸਾਨੂੰ ਖ਼ੁਦਾ ਦੀ ਨਜ਼ਰ ਵਿਚ ਧਰਮੀ ਬਣਾਇਆ ਗਿਆ ਹੈ।**

ਰੋਮੀਆਂ 3:23, 24

''ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ। ਸੋ ਉਹ ਦੀ ਕਿਰਪਾ ਨਾਲ ਉਸ ਨਿਸਤਾਰੇ ਦੇ ਕਾਰਨ ਜੋ ਮਸੀਹ ਯਿਸੂ ਤੋਂ ਹੁੰਦਾ ਹੈ ਓਸ ਮੁਖ਼ਤ ਧਰਮੀ ਗਿਣੇ ਜਾਂਦੇ ਹਨ।

(10) **ਅਸੀਂ ਛੁਡਾਏ ਗਏ ਹਾਂ।**

ਅਫ਼ਸੀਆਂ 1:7

''ਜਿਹ ਦੇ ਵਿਚ ਉਸ ਦੇ ਲਹੂ ਦੇ ਦੁਆਰਾ ਸਾਨੂੰ ਨਿਸਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹ ਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ।''

(11) **ਸਾਨੂੰ ਪਾਪ ਦੀ ਗ਼ੁਲਾਮੀ ਵਿੱਚੋਂ ਕੱਢਿਆ ਗਿਆ ਹੈ।**

ਰੋਮੀਆਂ 6:17, 18

''ਪਰ ਧੰਨਵਾਦ ਹੈ ਪਰਮੇਸ਼ੁਰ ਦਾ ਕਿ ਭਾਵੇਂ ਤੁਸੀਂ ਪਾਪ ਦੇ ਦਾਸ ਸਾਓ ਪਰ ਜਿਸ ਸਿੱਖਿਆ ਦੇ ਸੰਚੇ ਵਿਚ ਢਾਲੇ ਗਏ ਤੁਸੀਂ ਮਨੋਂ ਉਹ ਦੇ ਆਗਿਆਕਾਰ ਹੋ ਗਏ। ਅਤੇ ਪਾਪ ਤੋਂ ਛੁੱਟ ਕੇ ਤੁਸੀਂ ਧਰਮ ਦੇ ਦਾਸ ਬਣ ਗਏ।''

(12) **ਸਾਨੂੰ ਅੱਡ ਕੀਤਾ ਗਿਆ ਜਾਂ ਪਵਿੱਤਰ ਕੀਤਾ ਗਿਆ ਹੈ।**

1 ਕੁਰਿੰਥੀਆਂ 6:11

''ਅਤੇ ਤੁਹਾਡੇ ਵਿੱਚੋਂ ਕਈਕੁ ਏਹੋ ਜੇਹੇ ਸਨ ਪਰ ਪ੍ਰਭੂ ਯਿਸੂ ਮਸੀਹ ਦੇ ਨਾਮ ਤੋਂ ਅਤੇ ਸਾਡੇ ਪਰਮੇਸ਼ੁਰ ਦੇ ਆਤਮਾ ਤੋਂ ਤੁਸੀਂ ਧੋਤੇ ਗਏ ਅਤਰ ਤੁਸੀਂ ਪਵਿੱਤਰ ਕੀਤੇ ਗਏ ਅਰ ਤੁਸੀਂ ਧਰਮੀ ਠਹਿਰਾਏ ਗਏ।''

(13) **ਸਾਨੂੰ ਖ਼ੁਦਾ ਦੀ ਸੰਤਾਨ ਦੇ ਰੂਪ ਵਿਚ ਗੋਦ ਲਿਆ ਗਿਆ ਹੈ।**

ਅਫ਼ਸੀਆਂ 1:5

''ਉਹ ਨੇ ਜੋ ਆਪਣੀ ਮਰਜ਼ੀ ਦੇ ਨੇਕ ਇਰਾਦੇ ਦੇ ਅਨੁਸਾਰ ਯਿਸੂ ਮਸੀਹ ਦੇ ਰਾਹੀਂ ਆਪਣੇ ਲਈ ਸਾਨੂੰ ਲੇਖਾਲਕ ਪੁੱਤਰ ਹੋਣ ਨੂੰ ਅੱਗੋਂ ਹੀ ਠਹਿਰਾਇਆ।''

(14) **ਸਾਨੂੰ ਰੂਹਾਨੀ ਤੌਰ ਤੇ ਜ਼ਿੰਦਾ ਕੀਤਾ ਗਿਆ ਹੈ।**

ਅਫ਼ਸੀਆਂ 2:5

''ਜਦੋਂ ਅਸੀਂ ਅਪਰਾਧਾਂ ਦੇ ਕਾਰਨ ਮੁਰਦੇ ਹੀ ਸਾਂ ਤਦੋਂ ਸਾਨੂੰ ਮਸੀਹ ਦੇ ਨਾਲ ਜਿਵਾਲਿਆ (ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹੋ)।''

**(15) ਸਾਨੂੰ ਮਸੀਹ ਵਿਚ ਲਿਆਂਦਾ ਗਿਆ ਹੈ।**

ਅਫ਼ਸੀਆਂ 2:6

''ਅਤੇ ਉਹ ਨੇ ਸਾਨੂੰ ਉਸ ਦੇ ਨਾਲ ਉਠਾਇਆ ਅਰ ਸਾਨੂੰ ਮਸੀਹ ਯਿਸੂ ਵਿਚ ਸੁਰਗੀ ਥਾਵਾਂ ਉੱਤੇ ਉਸ ਦੇ ਬਹਾਲਿਆ।''

**(16) ਅਸੀਂ ਖ਼ੁਦਾ ਦੀ ਕਿਰਪਾ ਦੇ ਪਾਉਣ ਵਾਲੇ ਹਾਂ।**

ਅਫ਼ਸੀਆਂ 2:8, 9

''ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ, ਇਹ ਪਰਮੇਸ਼ੁਰ ਦੀ ਬਖ਼ਸ਼ੀਸ਼ ਹੈ। ਇਹ ਕਰਨੀਆਂ ਤੋਂ ਨਹੀਂ ਅਜਿਹਾ ਨਾ ਹੋਵੇ ਭਈ ਕੋਈ ਘੁਮੰਡ ਕਰੇ।''

**(17) ਸਾਨੂੰ ਖ਼ੁਦਾ ਦੇ ਨਾਲ ਮਿਲਾਇਆ ਗਿਆ ਹੈ।**

ਕੁਲੁੱਸੀਆਂ 1:19, 20

''ਕਿਉਂ ਜੋ ਪਿਤਾ ਨੂੰ ਇਹ ਭਾਇਆ ਜੋ ਸਾਰੀ ਸੰਪੂਰਨਤਾਈ ਉਸ ਵਿਚ ਵੱਸੇ। ਅਤੇ ਉਸ ਦੀ ਸਲੀਬ ਦੇ ਲਹੂ ਦੇ ਵਸੀਲੇ ਮੇਲ ਕਰਾ ਕੇ ਧਰਤੀ ਉਤਲੀਆਂ ਅਤੇ ਅਠਕਾਸ਼ ਉਤਲੀਆਂ ਸਾਰੀਆਂ ਵਸਤਾਂ ਨੂੰ ਉਹ ਦੇ ਰਾਹੀਂ, ਹਾਂ ਉਸੇ ਦੇ ਰਾਹੀਂ ਆਪਣੇ ਨਾਲ ਮਿਲਾਵੇ।''

**(18) ਸਾਨੂੰ ਮਸੀਹ ਨਾਲ ਇਕ ਕੀਤਾ ਗਿਆ ਹੈ।**

ਅਫ਼ਸੀਆਂ 2:14-16

''ਕਿਉਂ ਜੋ ਉਹ ਸਾਡਾ ਮਿਲਾਪ ਹੈ ਜਿਸ ਨੇ ਦੋਹਾਂ ਨੂੰ ਇਕ ਕੀਤਾ ਅਤੇ ਆਪਣੇ ਸਰੀਰ ਵਿਚ ਵੈਰ ਵਿਰੋਧ ਵਾਲੀ ਜੁਦਾਈ ਦੀ ਕੰਧ ਨੂੰ ਢਾਹ ਦਿੱਤਾ। ਅਤੇ ਸ਼ਰਾ ਨੂੰ ਬਿਧੀਆਂ ਅਤੇ ਕਨੂੰਨਾਂ ਸਣੇ ਅਕਾਰਥ ਕਰ ਦਿੱਤਾ ਤਾਂ ਜੋ ਦੋਹਾਂ ਤੋਂ ਆਪ ਵਿਚ ਇਕ ਨਵਾਂ ਇਨਸਾਨ ਰਚ ਕੇ ਮੇਲ ਕਰਾਵੇ। ਅਤੇ ਸਲੀਬ ਦੇ ਰਾਹੀਂ ਵੈਰ ਵਿਰੋਧ ਦਾ ਕੁੱਠਾ ਕਰ ਕੇ ਉਸੇ ਨਾਲ ਦੋਹਾਂ ਨੂੰ ਇਕ ਸਰੀਰ ਕਣਾ ਕੇ ਪਰਮੇਸ਼ੁਰ ਨਾਲ ਮਿਲਾਵੇ।''

**(19) ਸਾਨੂੰ ਨਵੀਂ ਸ੍ਰਿਸ਼ਟੀ ਬਣਾਇਆ ਗਿਆ ਹੈ।**

2 ਕੁਰਿੰਥੀਆਂ 5:17

''ਸੋ ਜੇ ਕੋਈ ਮਸੀਹ ਵਿਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਕਂਤ ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ।''

**(20) ਸਾਨੂੰ ਖ਼ੁਦਾ ਦੇ ਅਧਿਕਾਰੀ ਬਣਾਇਆ ਗਿਆ ਹੈ।**

ਰੋਮੀਆਂ 8:17

''ਅਤੇ ਜੇ ਬਾਲਕ ਹਾਂ ਤਾਂ ਅਧਕਾਰੀ ਵੀ ਹਾਂ, ਪਰਮੇਸ਼ੁਰ ਦੇ ਅਧਕਾਰੀ ਅਤੇ ਮਸੀਹ ਦੇ ਨਾਲ ਸਾਂਝੇ ਅਧਕਾਰੀ ਪਰ ਤਦੇ ਜੇ ਅਸੀਂ ਉਹ ਦੇ ਨਾਲ ਦੁਖ ਝੱਲੀਏ ਭਈ ਉਹ ਦੇ ਨਾਲ ਅਸੀਂ ਵਡਿਆਏ ਜਾਈਏ।''

**(21) ਸਾਡੇ ਅੰਦਰ ਖ਼ੁਦਾਈ ਵਾਸ ਕਰਦੀ ਹੈ।**

**ਆਤਮਾ ਦੇ ਰਾਹੀਂ ਵਾਸ**

ਗਲਾਤੀਆਂ 4:6

''ਅਤੇ ਤੁਸੀਂ ਜੋ ਪੁੱਤਰ ਹੋ ਇਸੇ ਕਾਰਨ ਪਰਮੇਸ਼ੁਰ ਨੇ ਆਪਣੇ ਪੁੱਤਰ ਦੇ ਆਤਮਾ ਨੂੰ ਸਾਡੇ ਦਿਲਾਂ ਵਿਚ ਘੱਲ ਦਿੱਤਾ ਜਿਹੜਾ ''ਅੱਬਾ'', ਅਰਥਾਤ ''ਹੇ ਪਿਤਾ'' ਪੁਕਾਰਦਾ ਹੈ।''

**ਖ਼ੁਦਾ ਦੇ ਰਾਹੀਂ ਵਾਸ**

1 ਯੂਹੰਨਾ 4:15

''ਜੋ ਕੋਈ ਮੰਨ ਲੈਂਦਾ ਹੈ ਭਈ ਯਿਸੂ ਪਰਮੇਸ਼ੁਰ ਦਾ ਪੁੱਤਰ ਹੈ ਪਰਮੇਸ਼ੁਰ ਉਹ ਦੇ ਵਿਚ ਅਤੇ ਉਹ ਪਰਮੇਸ਼ੁਰ ਦੇ ਵਿਚ ਰਹਿੰਦਾ ਹੈ।''

**ਮਸੀਹ ਦੇ ਰਾਹੀਂ ਵਾਸ**

ਯੂਹੰਨਾ 14:23

''ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਜੇ ਕੋਈ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਵਚਨ ਦੀ ਪਾਲਨਾ ਕਰੇਗਾ ਅਤੇ ਮੇਰਾ ਪਿਤਾ ਉਹ ਨੂੰ ਪਿਆਰ ਕਰੇਗਾ ਅਤੇ ਅਸੀਂ ਉਹ ਦੇ ਕੋਲ ਆਵਾਂਗੇ ਅਰ ਉਹ ਦੇ ਨਾਲ ਵਾਸ ਕਰਾਂਗੇ।''

**(22) ਸਾਨੂੰ ਸਭ ਰੂਹਾਨੀ ਬਰਕਤਾਂ ਤਕ ਪਹੁੰਚ ਦਿੱਤੀ ਗਈ ਹੈ।**

ਅਫ਼ਸੀਆਂ 1:3

''ਮੁਬਾਰਕ ਹੋਵੇ ਸਾਡੇ ਪ੍ਰਭੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹ ਨੇ ਮਸੀਹ ਵਿਚ ਸੁਰਗੀ ਥਾਵਾਂ ਸਾਨੂੰ ਬਰਕਤ ਦਿੱਤੀ।''

**(23) ਸਾਨੂੰ ਖ਼ੁਦਾ ਦੇ ਰਾਜ ਦੇ ਲੋਕ ਬਣਾਇਆ ਗਿਆ ਹੈ।**

ਯੂਹੰਨਾ 3:3

''ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਨਵੇਂ ਸਿਰਿਓਂ ਨਾ ਜੰਮੇ ਪਰਮੇਸ਼ੁਰ ਦੇ ਰਾਜ ਨੂੰ ਵੇਖ ਨਹੀਂ ਸਕਦਾ।''

**(24) ਸਾਨੂੰ ਸਜ਼ਾ 'ਚੋਂ ਕੱਢਿਆ ਗਿਆ ਹੈ।**

ਰੋਮੀਆਂ 8:1

''ਸੋ ਹੁਣ ਉਨ੍ਹਾਂ ਲਈ ਜਿਹੜੇ ਮਸੀਹ ਯਿਸੂ ਵਿਚ ਹਨ ਸਜ਼ਾ ਦਾ ਹੁਕਮ ਨਹੀਂ ਹੈ।''

**(25) ਸਾਨੂੰ ਖ਼ੁਦਾ ਮਸੀਹ ਅਤੇ ਆਤਮਾ ਨਾਲ ਸੰਗਤੀ ਦਿੱਤੀ ਗਈ ਹੈ।**

1 ਯੂਹੰਨਾ 1:3

''ਹਾਂ, ਜਿਹ ਨੂੰ ਅਸਾਂ ਵੇਖਿਆ ਅਤੇ ਸੁਣਿਆ ਹੈ ਉਹ ਦਾ ਸਮਾਚਾਰ ਤੁਹਾਨੂੰ ਭੀ ਸੁਣਾਉਂਦੇ ਹਾਂ ਭਈ ਤੁਹਾਡੀ ਵੀ ਸਾਡੇ ਨਾਲ ਸੰਗਤ ਹੋਵੇ ਅਤੇ ਸਾਡੀ ਜਿਹੜੀ ਸੰਗਤ ਹੈ ਉਹ ਪਿਤਾ ਦੇ

ਨਾਲ ਅਤੇ ਉਹ ਦੇ ਪੁੱਤਰ ਯਿਸੂ ਮਸੀਹ ਦੇ ਨਾਲ ਹੈ।''

**(26) ਅਸੀਂ ਲਗਾਤਾਰ ਸੁੱਧ ਕੀਤੇ ਜਾਣ ਵਿਚ ਪ੍ਰਵੇਸ਼ ਕਰਦੇ ਹਾਂ।**

1 ਯੂਹੰਨਾ 1:7

''ਪਰ ਜੇ ਅਸੀਂ ਚਾਨਣ ਵਿਚ ਚੱਲੀਏ ਜਿਵੇਂ ਉਹ ਚਾਨਣ ਵਿਚ ਹੈ ਤਾਂ ਸਾਡੀ ਆਪੋ ਵਿਚ ਸੰਗਤ ਹੈ ਅਤੇ ਉਹ ਦੇ ਪੁੱਤਰ ਯਿਸੂ ਦਾ ਲਹੂ ਸਾਨੂੰ ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ।''

**(27) ਸਾਨੂੰ ਖੁਦਾਈ ਸੁਭਾਅ ਦੇ ਭਾਈਵਾਲ ਹੋਣ ਦੇ ਯੋਗ ਬਣਾਇਆ ਗਿਆ ਹੈ।**

2 ਪਤਰਸ 1:4

''ਜਿਹਨਾਂ ਦੇ ਰਾਹੀਂ ਉਹ ਨੇ ਸਾਨੂੰ ਅਮੋਲਕ ਅਤੇ ਵੱਡੇ ਵੱਡੇ ਵਾਇਦੇ ਦਿੱਤੇ ਹਨ ਭਈ ਤੁਸੀਂ ਓਸ ਵਿਨਾਸ ਤੋਂ ਛੁੱਟ ਕੇ ਜੋ ਕਾਮਨਾ ਦੇ ਕਾਰਨ ਜਗਤ ਵਿਚ ਹੈ ਉਹਨਾਂ ਦੇ ਦੁਆਰਾ ਈਸ਼ੁਰ ਸੁਭਾਉ ਵਿਚ ਸਾਂਝੀ ਹੋ ਜਾਓ।''

**(28) ਸਾਨੂੰ ਜ਼ਿੰਦਾ ਉਮੀਦ ਦਿੱਤੀ ਗਈ ਹੈ।**

1 ਪਤਰਸ 1:3

''ਮੁਬਾਰਕ ਹੈ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹ ਨੇ ਆਪਣੀ ਅੱਤ ਦਯਾ ਦੇ ਅਨੁਸਾਰ ਯਿਸੂ ਮਸੀਹ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਕਾਰਨ ਸਾਨੂੰ ਜੀਉਂਦੀ ਆਸ ਲਈ ਨਵੇਂ ਸਿਰਿਓਂ ਜਨਮ ਦਿੱਤਾ।''

**(29) ਸਾਨੂੰ ਖੁਦਾ ਦੀ ਹਿਫ਼ਾਜ਼ਤ ਅਧੀਨ ਲਿਆਂਦਾ ਗਿਆ ਹੈ।**

1 ਪਤਰਸ 1:3-5

''ਮੁਬਾਰਕ ਹੈ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹ ਨੇ ਆਪਣੀ ਅੱਤ ਦਯਾ ਦੇ ਅਨੁਸਾਰ ਯਿਸੂ ਮਸੀਹ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਕਾਰਨ ਸਾਨੂੰ ਜੀਉਂਦੀ ਆਸ ਲਈ ਨਵੇਂ ਸਿਰਿਓਂ ਜਨਮ ਦਿੱਤਾ। ... ਓਸ ਅਵਨਾਸੀ, ਨਿਰਮਲ ਅਤੇ ਨਾ ਕੁਮਲਾਉਣ ਵਾਲੇ ਅਧਕਾਰ ਲਈ ਜੋ ਸੁਰਗ ਵਿਚ ਤੁਹਾਡੇ ਲਈ ਧਾਰਿਆ ਹੋਇਆ ਹੈ। ਜਿਹੜਾ ਨਿਹਚਾ ਦੇ ਰਾਹੀਂ ਪਰਮੇਸ਼ੁਰ ਦੀ ਸਮਰੱਥਾ ਨਾਲ ਓਸ ਮੁਕਤੀ ਨੂੰ ਪਰਾਪਤ ਹੋਣ ਲਈ ਜੋ ਅੰਤ ਦੇ ਸਮੇ ਪਰਗਟ ਹੋਣ ਵਾਲੀ ਹੈ ਬਚਾਏ ਰਹਿੰਦੇ ਹੋ।''

**(30) ਸਾਨੂੰ ਖੁਦਾ ਨਾਲ ਢੁਕਵੀਂ ਸ਼ਾਂਤੀ ਦਿੱਤੀ ਗਈ ਹੈ।**

ਰੋਮੀਆਂ 5:1

''ਸੋ ਜਦੋਂ ਅਸੀਂ ਨਿਹਚਾ ਨਾਲ ਧਰਮੀ ਠਹਿਰਾਏ ਗਏ ਤਾਂ ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਵੱਲ ਸ਼ਾਂਤੀ ਰੱਖੀਏ।''

**(31) ਸਾਨੂੰ ਖੁਦਾ ਦੀ ਰੋਜ਼ ਦੀ ਸ਼ਾਂਤੀ ਤਕ ਪਹੁੰਚ ਦਿੱਤੀ ਗਈ ਹੈ।**

ਫ਼ਿਲਿੱਪੀਆਂ 4:7

''ਅਤੇ ਪਰਮੇਸ਼ੁਰ ਦੀ ਸ਼ਾਂਤੀ ਜੋ ਸਾਰੀ ਸਮਝ ਤੋਂ ਪਰੇ ਹੈ ਮਸੀਹ ਯਿਸੂ ਵਿਚ ਤੁਹਾਡਿਆਂ

ਮਨਾਂ ਅਤੇ ਸੋਚਾਂ ਦੀ ਰਾਖੀ ਕਰੇਗੀ।''

(32) **ਸਾਨੂੰ ਸਹਾਇਕ ਦੇ ਤੌਰ ਤੇ ਮਸੀਹ ਦਿੱਤਾ ਗਿਆ ਹੈ।**

1 ਯੂਹੰਨਾ 2:1

''ਹੇ ਮੇਰਿਓ ਬੱਚਿਓ, ਮੈਂ ਏਹ ਗੱਲਾਂ ਤੁਹਾਨੂੰ ਇਸ ਲਈ ਲਿਖਦਾ ਹਾਂ ਭਈ ਤੁਸੀਂ ਪਾਪ ਨਾ ਕਰੋ ਅਤੇ ਜੋ ਕੋਈ ਪਾਪ ਕਰੇ ਤਾਂ ਪਿਤਾ ਦੇ ਕੋਲ ਸਾਡੇ ਇਕ ਸਹਾਇਕ ਹੈ ਅਰਥਾਤ ਯਿਸੂ ਮਸੀਹ ਜਿਹੜਾ ਧਰਮੀ ਹੈ।''

(33) **ਸਾਨੂੰ ਹਮੇਸ਼ਾ ਦੀ ਜ਼ਿੰਦਗੀ ਦਿੱਤੀ ਗਈ ਹੈ।**

1 ਯੂਹੰਨਾ 5:12

''ਜਿਹ ਦੇ ਕੋਲ ਪੁੱਤਰ ਹੈ ਉਹ ਦੇ ਕੋਲ ਜੀਵਨ ਹੈ। ਜਿਹ ਦੇ ਕੋਲ ਪਰਮੇਸ਼ੁਰ ਦਾ ਪੁੱਤਰ ਨਹੀਂ ਹੈ ਉਹ ਦੇ ਕੋਲ ਜੀਵਨ ਵੀ ਨਹੀਂ।''

(34) **ਸਾਨੂੰ ਸੁਰਗੀ ਦਾਨ ਦਾ ਸੁਆਦ ਦਿੱਤਾ ਗਿਆ ਹੈ।**

ਇਬਰਾਨੀਆਂ 6:4-6

''ਕਿਉਂਕਿ ਓਹ ਜਿਹੜੇ ਇਕ ਵਾਰੀ ਉਜਿਆਲੇ ਕੀਤੇ ਗਏ ਅਤੇ ਸੁਰਗੀ ਦਾਨ ਦਾ ਸੁਆਦ ਚੱਖਿਆ ਅਤੇ ਪਵਿੱਤਰ ਆਤਮਾ ਵਿਚ ਸਾਂਝੀ ਹੋਏ। ਅਤੇ ਪਰਮੇਸ਼ੁਰ ਦੇ ਸ਼ੁਭ ਵਚਨ ਅਤੇ ਆਉਣ ਵਾਲੇ ਜੁੱਗ ਦੀਆਂ ਸ਼ਕਤੀਆਂ ਦਾ ਸੁਆਦ ਚੱਖਿਆ। ਅਤੇ ਮਗਰੋਂ ਬੇਮੁਖ ਹੋ ਗਏ ਤਾਂ ਉਨ੍ਹਾਂ ਤੋਂ ਫੇਰ ਨਵੇਂ ਸਿਰਿਓਂ ਤੌਬਾ ਕਰਾਉਣੀ ਅਣਹੋਣੀ ਹੈ ਇਸ ਲਈ ਜੋ ਓਹ ਪਰਮੇਸ਼ੁਰ ਦੇ ਪੁੱਤਰ ਨੂੰ ਆਪਣੀ ਵੱਲੋਂ ਦੂਜੀ ਵਾਰ ਸਲੀਬ ਉੱਤੇ ਚਾੜ੍ਹਦੇ ਅਤੇ ਸਰੀਹਨ ਬੇਪਤ ਕਰਦੇ ਹਨ।''

(35) **ਸਾਡੇ ਨਾਂਅ ਸੁਰਗ ਵਿਚ ਲਿਖੇ ਜਾਂਦੇ ਹਨ।**

ਲੂਕਾ 10:20

''ਪਰ ਇਸ ਤੋਂ ਅਨੰਦ ਨਾ ਹੋਵੇ ਕਿ ਰੂਹਾਂ ਤੁਹਾਡੇ ਵੱਸ ਵਿਚ ਹਨ ਪਰ ਇਸ ਤੋਂ ਅਨੰਦ ਹੋਵੇ ਭਈ ਤੁਹਾਡੇ ਨਾਉਂ ਸਵਰਗ ਵਿਚ ਲਿਖੇ ਹੋਏ ਹਨ।''

(36) **ਅਸੀਂ ਖ਼ੁਦਾ ਦੇ ਚੁਣੇ ਹੋਏ ਲੋਕ ਬਣਦੇ ਹਾਂ।**

ਅਫ਼ਸੀਆਂ 1:4

''ਜਿਵੇਂ ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿਚ ਚੁਣ ਲਿਆ ਭਈ ਅਸੀਂ ਉਹ ਦੇ ਸਨਮੁਖ ਪ੍ਰੇਮ ਵਿਚ ਪਵਿੱਤਰ ਅਤੇ ਨਿਰਮਲ ਹੋਈਏ।''

(37) **ਸਾਡੇ ਦਿਲ ਵਿਸ਼ਵਾਸ ਦੇ ਰਾਹੀਂ ਸ਼ੁੱਧ ਕੀਤੇ ਗਏ ਹਨ।**

ਰਸੂਲਾਂ ਦੇ ਕੰਮ 15:9

''ਸੋ ਮੇਰੀ ਸਲਾਹ ਇਹ ਹੈ ਕਿ ਪਰਾਈਆਂ ਕੌਮਾਂ ਜਿੱਵੇਂ ਜਿਹੜੇ ਪਰਮੇਸ਼ੁਰ ਦੀ ਵੱਲ ਮੁੜਦੇ ਹਨ ਅਸੀਂ ਉਨ੍ਹਾਂ ਨੂੰ ਔਖਿਆਂ ਨਾ ਕਰੀਏ।''

**(38) ਸਾਡੇ ਅੰਤਹਕਰਨ ਮੁਰਦਿਆਂ ਕੰਮਾਂ ਚੋਂ ਸ਼ੁੱਧ ਕੀਤੇ ਗਏ ਹਨ।**

ਇਬਰਾਨੀਆਂ 10:22

''ਤਾਂ ਆਓ, ਅਸੀਂ ਸੱਚੇ ਦਿਲ ਅਤੇ ਪੂਰੀ ਨਿਹਚਾ ਨਾਲ ਜਦੋਂ ਸਾਡੇ ਦਿਲ ਅਸ਼ੁੱਧ ਅੰਤਹਕਰਨ ਤੋਂ ਛਿੜਕਾਉ ਨਾਲ ਸ਼ੁੱਧ ਹੋਏ ਅਤੇ ਸਾਡੀ ਦੇਹੀ ਸਾਫ਼ ਪਾਣੀ ਨਾਲ ਨੁਲ੍ਹਾਈ ਗਈ ਨੇੜੇ ਜਾਈਏ।''

**(39) ਸਾਨੂੰ ਖ਼ੁਦਾ ਅਤੇ ਮਸੀਹ ਦੇ ਨੇੜੇ ਲਿਆਂਦਾ ਗਿਆ ਹੈ।**

ਅਫ਼ਸੀਆਂ 2:13

''ਪਰ ਹੁਣ ਮਸੀਹ ਸ੍ਰਿ ਵਿਚ੍ ਤਸੀਂ ਜੋ ਅੱਗੇ ਦੂਰ ਸਾਓ ਮਸੀਹ ਦੇ ਲਹੂ ਦੇ ਕਾਰਨ ਨੇੜੇ ਕੀਤੇ ਗਏ ਹੋ।''

**(40) ਸਾਡੀ ਪਾਪ ਦੇ ਪੁਰਾਣੇ ਮਨੁੱਖ ਤੋਂ ਰੂਹਾਨੀ ਸੁੰਨਤ ਕੀਤੀ ਗਈ ਹੈ।**

ਕੁਲੁੱਸੀਆਂ 2:11, 12

''ਜਿਹ ਦੇ ਵਿਚ ਤੁਸੀਂ ਅਜਿਹੀ ਸੁੰਨਤ ਨਾਲ ਸੁੰਨਤੀ ਵੀ ਹੋਏ ਜੋ ਹੱਥਾਂ ਨਾਲ ਕੀਤੀ ਹੋਈ ਨਹੀਂ ਅਰਥਾਤ ਮਸੀਹ ਵਾਲੀ ਸੁੰਨਤ ਜਿਹ ਦੇ ਵਿਚ ਸਰੀਰਕ ਮਾਸ ਲਾਹ ਸੁੱਟੀਦਾ ਹੈ। ਤੁਸੀਂ ਬਪਤਿਸਮਾ ਵਿਚ ਉਹ ਦੇ ਨਾਲ ਦੱਬੇ ਗਏ ਜਿਹ ਦੇ ਵਿਚ ਪਰਮੇਸ਼ੁਰ ਦੀ ਕਰਨੀ ਉੱਤੇ ਨਿਹਚਾ ਰੱਖ ਕੇ ਜਿਵੇਂ ਉਸ ਨੇ ਉਹਨੂੰ ਮੁਰਦਿਆਂ ਵਿੱਚੋਂ ਉਠਾਇਆ ਤੁਸੀਂ ਉਹ ਦੇ ਨਾਲ ਉਠਾਏ ਵੀ ਗਏ।''

**(41) ਸਾਡੇ ਤੇ ਵਾਅਦੇ ਦੇ ਪਵਿੱਤਰ ਆਤਮਾ ਨਾਲ ਮੋਹਰ ਕੀਤੀ ਗਈ ਹੈ।**

ਅਫ਼ਸੀਆਂ 1:13

''ਉਸ ਵਿਚ ਜਿਸ ਵੇਲੇ ਤੁਸਾਂ ਸਚਿਆਈ ਦਾ ਵਚਨ ਅਰਥਾਤ ਆਪਣੀ ਮੁਕਤੀ ਦੀ ਖੁਸ਼ ਖਬਰੀ ਸੁਣੀ ਅਤੇ ਉਸ ਵਿਚ ਨਿਹਚਾ ਭੀ ਕੀਤੀ ਤਾਂ ਵਾਇਦੇ ਦੇ ਪਵਿੱਤਰ ਆਤਮਾ ਨਾਲ ਤੁਹਾਡੇ ਉੱਤੇ ਵੀ ਮੋਹਰ ਲੱਗੀ।''

**(42) ਸਾਨੂੰ ਮਸੀਹ ਦੀ ਪਛਾਣ ਕਰਾਈ ਗਈ ਹੈ।**

ਯੂਹੰਨਾ 14:21

''ਜਿਹ ਦੇ ਕੋਲ ਮੇਰੇ ਹੁਕਮ ਹਨ ਅਤੇ ਉਹ ਉਨ੍ਹਾਂ ਦੀ ਪਾਲਨਾ ਕਰਦਾ ਹੈ ਸੋਈ ਹੈ ਜੋ ਮੈਨੂੰ ਪਿਆਰ ਕਰਦਾ ਹੈ, ਅਤੇ ਜਿਹੜਾ ਮੈਨੂੰ ਪਿਆਰ ਕਰਦਾ ਹੈ ਉਹ ਮੇਰੇ ਪਿਤਾ ਦਾ ਪਿਆਰਾ ਹੋਵੇਗਾ ਅਰ ਮੈਂ ਉਹ ਦੇ ਨਾਲ ਪਿਆਰ ਕਰਾਂਗਾ ਅਤੇ ਆਪਣੇ ਤਾਈਂ ਉਸ ਉੱਤੇ ਪਰਗਟ ਕਰਾਂਗਾ।''

# ਅੰਤਿਕਾ 2

# ਮਨਬਦਲੀ ਵਿਚ ਮਨੁੱਖੀ ਕੰਮ

*''ਹਰ ਕੋਈ ਮੰਨਦਾ ਹੈ ਕਿ ਖ਼ੁਦਾ ਦਾ ਫ਼ਜ਼ਲ ਜਾਂ ਕਿਰਪਾ ਪਾਉਣ ਲਈ ਜਵਾਬ ਦਿੱਤਾ ਜਾਣਾ ਜ਼ਰੂਰੀ ਹੈ। ਕਈ ਹਨ ਜੋ ਦਿੱਤੇ ਜਾਣ ਵਾਲੇ ਜਵਾਬ ਤੇ ਸਹਿਮਤ ਨਹੀਂ ਹਨ। ਭਲਾ ਜਿਹਦਾ ਕੋਈ ਹੱਲ ਨਹੀ ਹੈ? ਹਾਂ ਹੈ। ਸਾਨੂੰ ਬਾਈਬਲ ਤੋਂ ਪੁੱਛਣਾ ਚਾਹੀਦਾ ਹੈ ਕਿ ਸਾਡਾ ਕੀ ਜਵਾਬ ਹੋਣਾ ਚਾਹੀਦਾ ਹੈ।''*

ਪਾਪੀ ਲਈ ਮਸੀਹੀ ਬਣਨ ਵਾਸਤੇ ਕਿਹੜੇ ਕੰਮ ਕਰਨੇ ਜ਼ਰੂਰੀ ਹਨ? ਮੁਕਤੀ ਅਤੇ ਪਰਮੇਸ਼ੁਰ ਦੀ ਕਿਰਪਾ ਪਾਉਣ ਲਈ ਉਹਨੂੰ ਕੀ-ਕੀ ਕਰਨਾ ਚਾਹੀਦਾ ਹੈ?

ਮਸੀਹੀ ਬਣਨ ਦੇ ਤਰੀਕੇ ਦੀਆਂ ਨਵੇਂ ਨੇਮ ਦੀਆਂ ਹਦਾਇਤਾਂ ਨੂੰ ''ਕੰਮ'' ਜਾਂ ''ਕਦਮ'' ਆਖਿਆ ਜਾ ਸਕਦਾ ਹੈ। ਇੰਜੀਲ ਨੂੰ ਮੰਨਣ ਲਈ ਉਹ ਸਾਧਨ ਹਨ ਜਿਨ੍ਹਾਂ ਰਾਹੀਂ ਪਾਪੀ ਵਿਅਕਤੀ ਬਚਾਏ ਜਾਣ ਨੂੰ ਜਾਂ ਖ਼ੁਦਾ ਦੇ ਇਲਾਹੀ ਕੰਮ ਨੂੰ ਪਾ ਸਕਦਾ ਹੈ। ਨਜਾਤ ਜਾਂ ਮੁਕਤੀ ਦੀ ਪ੍ਰਕ੍ਰਿਆ ਵਿਚ ਪਾਪੀ ਵਿਅਕਤੀ ਬੇਹਰਕਤ ਨਹੀਂ ਹੈ। ਇਹ ਸੱਚ ਹੈ ਕਿ ਖੁਦਾ ਜੋ ਮੁਕਤੀ ਦਾ ਸੋਮਾ ਹੈ, ਬਚਾਉਂਦਾ ਹੈ, ਪਰ ਪਾਪੀ ਲਈ ਖੁਦਾ ਦੀ ਨਜਾਤ ਪਾਉਣ ਅਤੇ ਓਸ ਵਿਚ ਚੱਲਣਾ ਜ਼ਰੂਰੀ ਹੈ।

ਇਸ ਸੂਚੀ ਦੇ ਕੰਮਾਂ ਤੇ ਧਿਆਨ ਨਾਲ ਗੌਰ ਕਰੋ। ਤੁਹਾਨੂੰ ਹਰ ਕੰਮ ਦੇ ਹੇਠਾਂ ਆਇਤਾਂ ਮਿਲਣਗੀਆਂ ਜੋ ਇਹ ਤਸਦੀਕ ਕਰਦੀਆਂ ਹਨ ਕਿ ਇਹ ਕੰਮ ਕੀਤਾ ਜਾਣਾ ਜ਼ਰੂਰੀ ਹੈ। ਇਸ ਸੂਚੀ ਮੁਤਾਬਿਕ ਮਸੀਹ ਵਲੋਂ ਪੇਸ਼ ਕੀਤੇ ਛੁਟਕਾਰੇ ਨੂੰ ਪਾਉਣ ਲਈ ਚੌਦਾਂ ਵੱਖੋ-ਵੱਖ ਕਦਮ ਅਤੇ/ਜਾਂ ਕੰਮ ਜ਼ਰੂਰੀ ਹਨ। ਇਸ ਸੂਚੀ ਨੂੰ ਆਮ ਜਵਾਬ ਅਤੇ ਖਾਸ ਜਵਾਬ ਦੇ ਰੂਪ ਵਿਚ ਦੋ ਭਾਗਾਂ ਵਿਚ ਵੰਡਿਆ ਗਿਆ ਹੈ। ਜ਼ਾਹਿਰ ਹੈ ਕਿ ਜਵਾਬਾਂ ਵਿਚ ਕਈ ਇਕ ਦੂਜੇ ਨਾਲ ਰਲਦੇ-ਮਿਲਦੇ ਹਨ।

ਪੂਰੀ ਗੱਲ ਸਮਝਾਉਣ ਲਈ ਕੁਝ ਭਾਗ ਦਿੰਦਿਆਂ ਕਈ ਵਾਰ ਖ਼ੁਦਾ ਦੀ ਪ੍ਰੇਰਣਾ ਪਾਏ ਹੋਏ ਲੇਖਕਾਂ ਵੱਲੋਂ ਨਿੱਜੀ ਜਾਂ ਖਾਸ ਕਦਮ ਦੀ ਵਰਤੋਂ ਕੀਤੀ ਗਈ। ਉਦਾਹਰਣ ਲਈ ਮੁਕਤੀ ਲਈ ਜ਼ਰੂਰੀ ਮਨੁੱਖੀ ਜਵਾਬ ਦੀ ਪੂਰਣਤਾ ਲਈ ਆਮ ਤੌਰ ਤੇ ''ਵਿਸ਼ਵਾਸ'' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਅਜਿਹਾ ਕਰਦਿਆਂ ਲੇਖਕ ਨੇ ਵਿਸ਼ਵਾਸ ਜਾਂ ''ਨਿਹਚਾ'' ਦੀ ਵਰਤੋਂ ਲੋੜੀਂਦੀ ਮਨੁੱਖੀ ਆਗਿਆਕਾਰਤਾ ਦੇ ਸਾਰ ਦੇ ਰੂਪ ਵਿਚ ਕੀਤੀ ਹੈ। ਕਿਸੇ ਕੰਮ ਨੂੰ ਇਸ ਤਰ੍ਹਾਂ ਵਰਤਣ ਤੇ ਉਸ ਕੰਮ ਜਾਂ ਕਾਰਜ ਵਿਚ ਪ੍ਰਤੀਕਾਤਮਕ ਰੂਪ ਵਿਚ ਪਾਪੀ ਵੱਲੋਂ ਕੀਤੇ ਜਾਣ ਵਾਲੇ ਸਾਰੇ ਕੰਮ ਸ਼ਾਮਿਲ ਹੁੰਦੇ ਹਨ। ਬਾਕੀ ਸਭ ਓਸੇ ਇੱਕੋ ਕੰਮ ਵਿਚ ਸਮਝੇ ਜਾਂ ਸਕਦੇ ਹਨ। ਇਸ ਤਰ੍ਹਾਂ ਇਕ ਕੰਮ ਨੂੰ ਵਰਤਣ ਵਾਲੀਆਂ ਆਇਤਾਂ ਤੇ ਗੌਰ ਕਰੋ।

# ਆਮ ਜਵਾਬ

(1) **ਮਸੀਹ ਕੋਲ ਆਉਣਾ ਜ਼ਰੂਰੀ ਹੈ।**

ਮੱਤੀ 11:28-30

''ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ। ਮੇਰਾ ਜੂਲਾ ਆਪਣੇ ਉੱਤੇ ਲੈ ਲਵੋ ਅਤੇ ਮੈਥੋਂ ਸਿੱਖੋ ਕਿਉਂ ਜੋ ਮੈਂ ਕੋਮਲ ਅਤੇ ਮਨ ਦਾ ਗ਼ਰੀਬ ਹਾਂ ਅਤੇ ਤੁਸੀਂ ਆਪਣਿਆਂ ਜੀਆਂ ਵਿਚ ਅਰਾਮ ਪਾਓਗੇ। ਕਿਉਂ ਜੋ ਮੇਰਾ ਜੂਲਾ ਹੌਲਾ ਅਤੇ ਮੇਰਾ ਭਾਰ ਹਲਕਾ ਹੈ।''

ਪ੍ਰਕਾਸ਼ ਦੀ ਪੋਥੀ 22:17

''ਆਤਮਾ ਅਤੇ ਲਾੜੀ ਆਖਦੀ ਹੈ, ਆਓ! ਜਿਹੜਾ ਸੁਣਦਾ ਹੋਵੇ ਉਹ ਕਹੇ ਆਓ! ਅਤੇ ਤਿਹਾਇਆ ਹੋਵੇ ਉਹ ਆਵੇ। ਜਿਹੜਾ ਚਾਹੇ ਅੰਮ੍ਰਿਤ ਜਲ ਮੁਫ਼ਤ ਲਵੇ।''

(2) **ਆਪਣੇ ਆਪ ਨੂੰ ਬਚਾਉਣਾ ਜ਼ਰੂਰੀ ਹੈ।**

ਰਸੂਲਾਂ ਦੇ ਕੰਮ 2:40

''ਅਤੇ ਹੋਰ ਵੀ ਬਹੁਤੀਆਂ ਗੱਲਾਂ ਨਾਲ ਉਹ ਨੇ ਸਾਖੀ ਦਿੱਤੀ ਅਤੇ ਉਪਦੇਸ਼ ਕੀਤਾ ਕਿ ਆਪਣੇ ਆਪ ਨੂੰ ਇਸ ਗੱਲ ਕੱਬੀ ਪੀਹੜੀ ਕੋਲੋਂ ਬਚਾਓ।''

(3) **ਹੁਕਮ ਮੰਨਣਾ ਜ਼ਰੂਰੀ ਹੈ।**

ਰੋਮੀਆਂ 6:17, 18

''ਪਰ ਧੰਨਵਾਦ ਹੈ ਪਰਮੇਸ਼ੁਰ ਦਾ ਕਿ ਭਾਵੇਂ ਤੁਸੀਂ ਪਾਪ ਦੇ ਦਾਸ ਸਾਓ ਪਰ ਜਿਸ ਸਿੱਖਿਆ ਦੇ ਸੰਚੇ ਵਿਚ ਢਾਲੇ ਗਏ ਤੁਸੀਂ ਮਨੋਂ ਉਹ ਦੇ ਆਗਿਆਕਾਰ ਹੋ ਗਏ। ਅਤੇ ਪਾਪ ਤੋਂ ਛੁੱਟ ਕੇ ਤੁਸੀਂ ਧਰਮ ਦੇ ਦਾਸ ਬਣ ਗਏ।''

(4) **ਵਚਨ ਨੂੰ ਮੰਨਣਾ ਜ਼ਰੂਰੀ ਹੈ।**

ਰਸੂਲਾਂ ਦੇ ਕੰਮ 2:41

''ਸੋ ਜਿਨ੍ਹਾਂ ਉਹ ਦੀ ਗੱਲ ਮੰਨ ਲਈ ਉਨ੍ਹਾਂ ਨੇ ਬਪਤਿਸਮਾ ਲਿਆ ਅਤੇ ਉਸੇ ਦਿਨ ਤਿੰਨਕੁ ਹਜ਼ਾਰ ਜਣੇ ਉਨ੍ਹਾਂ ਵਿਚ ਰੱਖ ਗਏ।''

(5) **ਵਚਨ ਵਿਚ ਬਣੇ ਰਹਿਣਾ ਜ਼ਰੂਰੀ ਹੈ।**

ਯੂਹਨਾ 8:31, 32

''ਤਾਂ ਯਿਸੂ ਨੇ ਉਨ੍ਹਾਂ ਯਹੂਦੀਆਂ ਨੂੰ ਜਿਨ੍ਹਾਂ ਉਹ ਦੀ ਪਰਤੀਤ ਕੀਤੀ ਸੀ ਆਖਿਆ, ਜੇ ਤੁਸੀਂ ਮੇਰੇ ਵਚਨ ਤੇ ਖਲੋਤੇ ਰਹੋ ਤਾਂ ਠੀਕ ਤੁਸੀਂ ਮੇਰੇ ਚੇਲੇ ਹੋ। ਅਰ ਸਚਿਆਈ ਨੂੰ ਜਾਣੋਗੇ ਅਤੇ ਸਚਿਆਈ ਤੁਹਾਨੂੰ ਅਜ਼ਾਦ ਕਰੇਗੀ।''

**(6) ਪਾਪ ਵੱਲੋਂ ਮਰਨਾ ਜ਼ਰੂਰੀ ਹੈ।**

ਰੋਮੀਆਂ 6:1, 2

''ਹੁਣ ਅਸੀਂ ਕੀ ਆਖੀਏ? ਕੀ ਪਾਪ ਕਰਨ ਵਿਚ ਲੱਗੇ ਰਹੀਏ ਭਈ ਕਿਰਪਾ ਬਾਹਲੀ ਹੋਵੇ? ਕਦੇ ਨਹੀਂ! ਅਸੀਂ ਜਿਹੜੇ ਪਾਪ ਦੀ ਵੱਲੋਂ ਮੋਏ ਹੁਣ ਅਗਾਹਾਂ ਨੂੰ ਓਸ ਵਿਚ ਕਿੱਕੁਰ ਜੀਵਨ ਕੱਟੀਏ?''

**(7) ਇਨਸਾਨੀਅਤ ਨੂੰ ਪਹਿਨਣਾ ਜ਼ਰੂਰੀ ਹੈ।**

ਕੁਲੁੱਸੀਆਂ 3:10

''[ਤੁਸਾਂ] ਨਵੀਂ ਨੂੰ ਪਹਿਨ ਲਿਆ ਜੋ ਪੂਰਨ ਗਿਆਨ ਲਈ ਆਪਣੇ ਕਰਤਾਰ ਦੇ ਸਰੂਪ ਦੇ ਉੱਤੇ ਨਵੀਂ ਬਣਦੀ ਜਾਂਦੀ ਹੈ।''

## ਖਾਸ ਜਵਾਬ

**(1) ਖ਼ੁਦਾ ਦੇ ਵਚਨ ਨੂੰ ਸੁਣਨਾ ਜਰੂਰੀ ਹੈ।**

ਰਸੂਲਾਂ ਦੇ ਕੰਮ 18:8

''ਅਤੇ ਸਮਾਜ ਦੇ ਸਰਦਾਰ ਕਰਿਸਪੁਸ ਨੇ ਆਪਣੇ ਸਾਰੇ ਘਰਾਣੇ ਸਣੇ ਪ੍ਰਭੂ ਦੀ ਪਰਤੀਤ ਕੀਤੀ ਅਤੇ ਕੁਰਿੰਥੀਆਂ ਵਿੱਚੋਂ ਬਥੇਰੇ ਲੋਕਾਂ ਨੇ ਸੁਣ ਕੇ ਨਿਹਚਾ ਕੀਤੀ ਅਤੇ ਬਪਤਿਸਮਾ ਲਿਆ।''

ਰੋਮੀਆਂ 10:17

''ਸੋ ਪਰਤੀਤ ਸੁਣਨ ਨਾਲ, ਅਤੇ ਸੁਣਨਾ ਮਸੀਹ ਦੇ ਵਚਨ ਤੋਂ ਆਉਂਦਾ ਹੈ।''

**ਜੋ ਸੁਣਿਆ ਉਸ ਤੇ ਧਿਆਨ ਲਾ ਕੇ।**

ਰਸੂਲਾਂ ਦੇ ਕੰਮ 17:11

''ਇੱਥੇ ਦੇ ਲੋਕ ਥੱਸਲੁਨੀਕੇ ਦੇ ਲੋਕਾਂ ਨਾਲੋਂ ਬਹੁਤ ਚੰਗੇ ਸਨ ਇਸ ਲਈ ਜੋ ਇਨ੍ਹਾਂ ਨੇ ਦਿਲ ਦੀ ਵੱਡੀ ਚਾਹ ਨਾਲ ਵਚਨ ਨੂੰ ਮੰਨ ਲਿਆ ਅਤੇ ਰੋਜ਼ ਲਿਖਤਾਂ ਵਿਚ ਭਾਲ ਕਰਦੇ ਰਹੇ ਕਿ ਇਹ ਗੱਲਾਂ ਇਸੇ ਤਰ੍ਹਾਂ ਹਨ ਕਿ ਨਹੀਂ।''

1 ਥੱਸਲੁਨੀਕੀਆਂ 5:21

''ਸਭਨਾਂ ਗੱਲਾਂ ਨੂੰ ਪਰਖੋ; ਖਰੀਆਂ ਨੂੰ ਫੜੀ ਰੱਖੋ।''

**ਇਹ ਧਿਆਨ ਰੱਖਣਾ ਕਿ ਕਿਵੇਂ ਸੁਣਦੇ ਹਾਂ।**

ਮੱਤੀ 7:24

''ਸੋ ਹਰੇਕ ਜੋ ਮੇਰੇ ਇਹ ਬਚਨ ਸੁਣਦਾ ਅਤੇ ਉਨ੍ਹਾਂ ਉੱਤੇ ਚੱਲਦਾ ਹੈ ਉਹ ਉਸ ਬੁੱਧਵਾਨ ਵਰਗਾ ਜਾਣਿਆ ਜਾਵੇਗਾ ਜਿਹ ਨੇ ਪੱਥਰ ਉੱਤੇ ਆਪਣਾ ਘਰ ਬਣਾਇਆ।''

ਮੱਤੀ 13:9

''ਜਿਹ ਦੇ ਕੰਨ ਹੋਣ ਸੋ ਸੁਣੇ।''

**(2) ਵਿਸ਼ਵਾਸ ਕਰਨਾ ਜ਼ਰੂਰੀ ਹੈ।**

ਰੋਮੀਆਂ 5:1

''ਸੋ ਜਦੋਂ ਅਸੀਂ ਨਿਹਚਾ ਨਾਲ ਧਰਮੀ ਠਹਿਰਾਏ ਗਏ ਤਾਂ ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਵੱਲ ਸ਼ਾਂਤੀ ਰੱਖੀਏ।''

**ਖ਼ੁਦਾ ਵਿਚ**

ਇਬਰਾਨੀਆਂ 11:6

''ਅਤੇ ਨਿਹਚਾ ਬਾਝੋਂ ਉਹ ਦੇ ਮਨ ਨੂੰ ਭਾਉਣਾ ਅਣਹੋਣਾ ਹੈ ਕਿਉਂਕਿ ਜਿਹੜਾ ਪਰਮੇਸ਼ੁਰ ਦੀ ਵੱਲ ਆਉਂਦਾ ਹੈ ਉਹ ਨੂੰ ਪਰਤੀਤ ਕਰਨੀ ਚਾਹੀਦੀ ਹੈ ਭਈ ਉਹ ਹੈ ਨਾਲੇ ਇਹ ਭਈ ਉਹ ਆਪਣਿਆਂ ਤਾਲਿਬਾਂ ਦਾ ਫਲ ਦਾਤਾ ਹੈ।''

**ਮਸੀਹ ਵਿਚ**

ਯੂਹੰਨਾ 3:16

''ਕਿਉਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੌਤਾ ਪੁੱਤਰ ਬਖ਼ਸ਼ ਦਿੱਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਜਾਵੇ।''

**(3) ਤੌਬਾ ਕਰਨੀ ਜ਼ਰੂਰੀ ਹੈ।**

ਰਸੂਲਾਂ ਦੇ ਕੰਮ 11:18

''ਜਾਂ ਉਨ੍ਹਾਂ ਇਹ ਗੱਲਾਂ ਸੁਣੀਆਂ ਤਾਂ ਚੁੱਪ ਹੋ ਗਏ ਅਤੇ ਇਹ ਕਹਿ ਕੇ ਪਰਮੇਸ਼ੁਰ ਦੀ ਵਡਿਆਈ ਕੀਤ ਕਿ ਤਦ ਤਾਂ ਪਰਮੇਸ਼ੁਰ ਨੇ ਪਰਾਈਆਂ ਕੌਮਾਂ ਨੂੰ ਵੀ ਜੀਉਣ ਲਈ ਤੌਬਾ ਬਖ਼ਸ਼ੀ ਹੈ!''

ਰਸੂਲਾਂ ਦੇ ਕੰਮ 17:30

''ਪਰਮੇਸ਼ੁਰ ਨੇ ਅਣਜਾਣਪੁਣੇ ਦੇ ਸਮਿਆਂ ਵੱਲੋਂ ਅੱਖੀਆਂ ਫੇਰ ਲਈਆਂ ਸਨ ਪਰ ਹੁਣ ਮਨੁੱਖਾਂ ਨੂੰ ਹੁਕਮ ਦਿੰਦਾ ਹੈ ਜੋ ਓਹ ਸਭ ਹਰੇਕ ਥਾਂ ਤੌਬਾ ਕਰਨ।''

2 ਪਤਰਸ 3:9

''ਪ੍ਰਭੂ ਆਪਣੇ ਵਾਇਦੇ ਦਾ ਮੱਠਾ ਨਹੀਂ ਜਿਵੇਂ ਕਿੰਨੇ ਹੀ ਮੱਠੇ ਦਾ ਭਰਮ ਕਰਦੇ ਹਨ ਪਰ ਉਹ ਤੁਹਾਡੇ ਨਾਲ ਧੀਰਜ ਕਰਦਾ ਹੈ ਕਿਉਂ ਜੋ ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਏ ਸਗੋਂ ਸੱਭੋ ਤੌਬਾ ਵੱਲ ਮੁੜਨ।''

**(4) ਫਿਰ ਮੁੜਨਾ ਜ਼ਰੂਰੀ ਹੈ।**

ਰਸੂਲਾਂ ਦੇ ਕੰਮ 2:38

''ਤਦ ਪਤਰਸ ਨੇ ਉਨ੍ਹਾਂ ਨੂੰ ਆਖਿਆ, ਤੌਬਾ ਕਰੋ ਅਤੇ ਤੁਹਾਡੇ ਵਿੱਚੋਂ ਹਰੇਕ ਆਪੋ ਆਪਣੇ ਪਾਪਾਂ ਦੀ ਮਾਫ਼ੀ ਦੇ ਲਈ ਯਿਸੂ ਮਸੀਹ ਦੇ ਨਾਮ ਉੱਤੇ ਬਪਤਿਸਮਾ ਲਵੇ ਤਾਂ ਪਵਿੱਤਰ

ਆਤਮਾ ਦਾ ਦਾਨ ਪਾਓਗੇ।''

ਰਸੂਲਾਂ ਦੇ ਕੰਮ 3:19
''ਇਸ ਲਈ ਤੋਬਾ ਕਰੋ ਅਤੇ ਮੁੜੋ ਕਿ ਤੁਹਾਡੇ ਪਾਪ ਮਿਟਾਏ ਜਾਣ ਤਾਂ ਜੋ ਪ੍ਰਭੂ ਦੇ ਹਜ਼ੂਰੋਂ ਸੁਖ ਦੇ ਦਿਨ ਆਉਣ।''

(5) **ਮਸੀਹ ਦਾ ਇਕਰਾਰ ਕਰਨਾ ਜ਼ਰੂਰੀ ਹੈ।**
ਰੋਸੀਆਂ 10:10
''ਧਰਮ ਲਈ ਤਾਂ ਹਿਰਦੇ ਨਾਲ ਨਿਹਚਾ ਕਰੀਦੀ ਅਤੇ ਮੁਕਤੀ ਲਈ ਮੂੰਹ ਨਾਲ ਇਕਰਾਰ ਕਰੀਦਾ ਹੈ।''

1 ਯੂਹੰਨਾ 4:15
''ਜੋ ਕੋਈ ਮੰਨ ਲੈਂਦਾ ਹੈ ਭਈ ਯਿਸੂ ਪਰਮੇਸ਼ੁਰ ਦਾ ਪੁੱਤਰ ਹੈ ਪਰਮੇਸ਼ੁਰ ਉਹਦੇ ਵਿਚ ਅਤੇ ਉਹ ਪਰਮੇਸ਼ੁਰ ਦੇ ਵਿਚ ਰਹਿੰਦਾ ਹੈ ।''

(6) **ਬਪਤਿਸਮਾ ਲੈਣਾ ਜ਼ਰੂਰੀ ਹੈ।**
ਰਸੂਲਾਂ ਦੇ ਕੰਮ 22:16
''ਹੁਣ ਤੂੰ ਕਿਉਂ ਢਿੱਲ ਕਰਦਾ ਹੈਂ? ਉੱਠ ਅਤੇ ਉਹ ਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ।''

1 ਪਤਰਸ 3:21, 22
''ਇਹ ਬਪਤਿਸਮੇ ਦਾ ਨਮੂਨਾ ਹੈ ਜੋ ਹੁਣ ਤੁਹਾਨੂੰ ਵੀ ਯਿਸੂ ਮਸੀਹ ਦੇ ਜੀ ਉੱਠਣ ਦੇ ਕਾਰਨ ਬਚਾਉਂਦਾ ਹੈ ਇਹ ਸਰੀਰ ਦੀ ਮੈਲ ਲਾਹੁਣਾ ਨਹੀਂ ਪਰ ਸ਼ੁੱਧ ਅੰਤਹਕਰਨ ਨਾਲ ਪਰਮੇਸ਼ੁਰ ਨੂੰ ਭਾਲਣਾ ਹੈ। ਉਹ ਸੁਰਗ ਵਿਚ ਜਾ ਕੇ ਪਰਮੇਸ਼ੁਰ ਦੇ ਸੱਜੇ ਹੱਥ ਹੈ ਅਤੇ ਦੂਤ ਅਤੇ ਅਖ਼ਤਿਆਰ ਵਾਲੇ ਅਤੇ ਸ਼ਕਤੀ ਵਾਲੇ ਉਹ ਦੇ ਅਧੀਨ ਕੀਤੇ ਹੋਏ ਹਨ।''

(7) **ਖ਼ੁਦਾ ਨੂੰ ਪੁਕਾਰਨਾ ਜ਼ਰੂਰੀ ਹੈ।**
ਰਸੂਲਾਂ ਦੇ ਕੰਮ 2:21
''ਅਤੇ ਐਉਂ ਹੋਵੇਗਾ ਕਿ ਹਰੇਕ ਜਿਹੜਾ ਪ੍ਰਭੂ ਦਾ ਨਾਮ ਲਵੇਗਾ ਬਚਾਇਆ ਜਾਵੇਗਾ।''

ਰਸੂਲਾਂ ਦੇ ਕੰਮ 22:16
''ਹੁਣ ਤੂੰ ਕਿਉਂ ਢਿੱਲ ਕਰਦਾ ਹੈਂ? ਉੱਠ ਅਤੇ ਉਹ ਦਾ ਨਾਮ ਲੈਂਦਾ ਹੋਇਆ ਬਪਤਿਸਮਾ ਲੈ ਅਤੇ ਆਪਣੇ ਪਾਪ ਧੋ ਸੁੱਟ।''

# ਅੰਤਿਕਾ 3

# ''ਮਸੀਹ ਵਿਚ'' ਵਾਕ ਅੰਸ਼

> *''ਮਸੀਹ ਛੁਡਾਏ ਹੋਏ ਆਦਮੀ ਦਾ ਨਵਾਂ ਮਾਹੌਲ ਹੈ। ਉਸਨੂੰ ਉਸਦੀਆਂ ਦੁਨਿਆਵੀ ਬੰਦਿਸ਼ਾਂ ਤੋਂ ਬਿਲਕੁਲ ਹੀ ਫ਼ਰਕ ਇਲਾਕੇ ਵਿਚ ਭਾਵ ਮਸੀਹ ਦੀ ਦੁਨੀਆਂ ਵਿਚ ਉੱਪਰ ਉਠਾਇਆ ਗਿਆ ਹੈ। ਉਹਨੂੰ ਇਕ ਨਵੀਂ ਜ਼ਮੀਨ ਅਤੇ ਨਵੇ ਵਾਤਾਵਰਣ ਵਿਚ ਲਿਆਂਦਾ ਗਿਆ ਹੈ। ਜਿੱਥੇ ਜ਼ਮੀਨ ਅਤੇ ਵਾਤਾਵਰਣ ਦੋਵੇਂ ਹੀ ਮਸੀਹ ਹਨ। ਉਹਦੀ ਰੂਹ ਵਧੀਆ ਚੀਜ਼ਾਂ 'ਚ ਸਾਹ ਲੈਂਦੀ ਹੈ। ਉਹ ਇਕ ਉੱਚੇ ਮੈਦਾਨ ਵੱਲ ਜਾ ਰਿਹਾ ਹੈ।''*[1]

ਕਲੀਸੀਆ ਦਾ ਕੋਈ ਵੀ ਮੁਕੰਮਲ ਅਧਿਐਨ ''ਮਸੀਹ ਵਿਚ'' ਵਾਕ ਅੰਸ਼ ਅਤੇ ਨਵੇਂ ਨੇਮ ਵਿਚਲੇ ਇਹਦੇ ਨਾਲ ਮਿਲਦੇ-ਜੁਲਦੇ ਸ਼ਬਦਾਂ ਦੇ ਧਿਆਨ ਨਾਲ ਕੀਤੇ ਵਿਸ਼ਲੇਸ਼ਣ ਦੇ ਬਗੈਰ ਪੂਰਾ ਨਹੀਂ ਹੋਵੇਗਾ। ਨਵੇਂ ਨੇਮ ਦੇ ਨੈਸਲੇ ਦੇ ਯੂਨਾਨੀ ਧਰਮ ਪੁਸਤਕ ਵਿਚ (ਜੇ 1 ਥੱਸਲੁਨੀਕੀਆਂ 4:14 ਨੂੰ ਨਾ ਗਿਣਿਆ ਜਾਵੇ) 119 ਵਾਰ ਇਹ ਵਾਕ ਅੰਸ਼ ਆਇਆ ਹੈ। ਮੁੱਖ ਤੌਰ ਤੇ ਇਹ ਪੌਲੁਸ ਦੇ ਲੇਖਾਂ ਵਿਚ ਮਿਲਦਾ ਹੈ, ਪਰ 1 ਪਤਰਸ (3:16; 5:10; 5:14) 1 ਯੂਹੰਨਾ (2:27, 28; 3:24; 4:13; 5:11, 20) ਅਤੇ ਪ੍ਰਕਾਸ਼ ਦੀ ਪੋਥੀ (14:13) ਵਿਚ ਵੀ ਮਿਲਦਾ ਹੈ।

ਨਵੇਂ ਨੇਮ ਵਿਚ ਇਹ ਵਾਕ ਅੰਸ਼ ਵੱਖ-ਵੱਖ ਤਰ੍ਹਾਂ ਨਾਲ ਵਰਤਿਆ ਗਿਆ ਹੈ, ਖਾਸ ਕਰ ''ਮਸੀਹ ਵਿਚ'' ''ਮਸੀਹ ਯਿਸੂ ਵਿਚ'' ''ਮਸੀਹ ਯਿਸੂ ਸਾਡੇ ਪ੍ਰਭੂ ਵਿਚ'' ''ਸਾਡੇ ਪ੍ਰਭੂ ਯਿਸੂ ਮਸੀਹ ਵਿਚ'' ''ਪ੍ਰਭੂ ਯਿਸੂ ਵਿਚ'' ''ਪ੍ਰਭੂ ਵਿਚ'' ''ਯਿਸੂ ਵਿਚ'' ''ਉਸ ਵਿਚ'' ''ਜਿਹਦੇ ਵਿਚ'' ''ਉਸਦੇ ਪੁਤਰ ਵਿਚ'' ਅਤੇ ''ਉਹ ਦੇ ਪੁੱਤਰ ਯਿਸੂ ਮਸੀਹ ਵਿਚ'' ਵਰਗੇ ਵਾਕ ਅੰਸ਼। ''ਮਸੀਹ ਵਿਚ'' ਹੋਣ ਦੀ ਗੱਲ ''ਮਸੀਹ ਦੀ ਦੇਹ'' ''ਉਸ ਦੀ ਦੇਹ'' ਅਤੇ ''ਇਕ ਦੇਹ'' ਵਰਗੇ ਹਵਾਲਿਆਂ ਵਿਚ ਮਿਲਦੀ ਹੈ ਜੋ ਨਵੇਂ ਨੇਮ ਵਿਚ ਸੋਲਾਂ ਥਾਂ ਮਿਲਦੇ ਹਨ। ''ਮਸੀਹ ਵਿਚ'' ਵਾਕ ਅੰਸ਼ ਅਸਲ 'ਚ ਇੰਜੀਲ ਦੀਆਂ ਕਿਤਾਬਾਂ ਵਿਚ ਨਹੀਂ ਮਿਲਦਾ ਪਰ ਇਕ ਵਾਰ ਯੂਹੰਨਾ 15:5 ਵਿਚ ''ਮੇਰੇ ਵਿਚ'' ਵਾਕ ਅੰਸ਼ ਵਿਚ ਇਕ ਵਾਰ ਇਹਦੀ ਝਲਕ ਮਿਲੀ ਹੈ।

ਇਸ ਅਧਿਐਨ ਦਾ ਮਕਸਦ ਸੂਚੀ ਦੇਣਾ ਹੈ। ਜਿਸ ਵਿਚ ਮਸੀਹ ਦੀ ਰੂਹਾਨੀ ਦੇਹ ਵਿਚ ਹੋਣ ਦੀਆਂ ਨਵੇਂ ਨੇਮ ਦੀਆਂ ਆਇਤਾਂ ਹੀ ਹਨ। ''ਉਸ ਵਿਚ'' ਜਾਂ ''ਉਸ ਉੱਤੇ'' ਵਰਗੇ ਵਾਕ ਅੰਸ਼ ਇੰਜੀਲ ਦੀਆਂ ਕਿਤਾਬਾਂ ਵਿਚ ਕਈ ਵਾਰ ਮਿਲਦੇ ਹਨ। ਪਰ ਵਾਕ ਅੰਸ਼ ਇਸ ਸੂਚੀ ਵਿਚ ਨਹੀਂ ਪਾਏ ਗਏ। ਮੰਨਿਆ ਜਾਂਦਾ ਹੈ ਕਿ ਉਹ ਵਾਕ ਅੰਸ਼ ਵੱਖਰੇ ਅਧਿਐਨ ਵਿਚ ਹੋਣੇ ਚਾਹੀਦੇ ਹਨ। ਨਾ ਹੀ ਇਸ ਸੂਚੀ ਵਿਚ ਰਸੂਲਾਂ ਦੇ ਕੰਮ 17:28 ਵਾਂਗ ''ਪਰਮੇਸ਼ੁਰ ਵਿਚ'' ਜਾਂ ਇਹਦੇ ਵਰਗੇ ਵਾਕ ਅੰਸ਼ ਹਨ।

ਪਰਿਭਾਸ਼ਾ ਤੋਂ ਹੀ ''ਮਸੀਹ ਵਿਚ'' ਵਾਕ ਅੰਸ਼ ਕਈ ਵੱਖੋ-ਵੱਖ ਰੂਪਾਂ ਵਿਚ ਮਸੀਹ ਨਾਲ ਇਕ ਹੋਣ ਦੇ ਵਾਇਦੇ ਭਾਵ ''ਕਲੀਸੀਆ'' (ਅਫ਼ਸੀਆਂ 1:21, 22) ਅਤੇ ''ਮਸੀਹ ਦੀ ਦੇਹ''(ਅਫ਼ਸੀਆਂ 4:12) ਵਾਕ ਅੰਸ਼ਾਂ ਦੇ ਦਾਇਰੇ ਦਾ ਜਿੱਥੇ ਛੁਡਾਏ ਹੋਇਆਂ ਲਈ ਸਭ ਰੂਹਾਨੀ ਬਰਕਤਾਂ ਹਨ, ਦਿੰਦਾ ਹੈ।

ਇਸ ਵਾਕ ਅੰਸ਼ ਦੇ ਵੱਖੋ-ਵੱਖ ਰੂਪਾਂ ਦਾ ਧਿਆਨ ਨਾਲ ਅਧਿਐਨ ਕਰੋ ਜੋ ਅਸਾਨੀ ਨਾਲ ਪਛਾਣ ਲਈ ਇਟੈਲਿਕ (ਤਿਰਛੇ) ਕੀਤੇ ਗਏ ਹਨ। ਉਨ੍ਹਾਂ ਦਾ ਅਧਿਐਨ ਕਰਦਿਆਂ ਮਸੀਹੀ ਦੀ ਹਾਲਤ ਅਤੇ ''ਮਸੀਹ ਵਿਚ'' ਸਥਿਤੀ ਅਤੇ ''ਉਸ ਵਿਚ'' ਮਾਣੀਆਂ ਜਾਣ ਵਾਲੀਆਂ ਜ਼ਬਰਦਸਤ ਰੂਹਾਨੀ ਬਰਕਤਾਂ ਤੇ ਧਿਆਨ ਕਰੋ।

### **''ਮੇਰੇ ਵਿਚ''** (1)

ਯੂਹੰਨਾ 15:5
''ਅੰਗੂਰ ਦੀ ਵੇਲ ਮੈਂ ਹਾਂ, ਤੁਸੀਂ ਟਹਿਣੀਆਂ ਹੋ। ਜੋ *ਮੇਰੇ ਵਿਚ* ਰਹਿੰਦਾ ਹੈ ਅਤੇ ਮੈਂ ਉਸ ਵਿਚ ਸੋਈ ਬਹੁਤਾ ਫਲ ਦਿੰਦਾ ਹੈ ਕਿਉਂ ਜੋ ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸੱਕਦੇ।''

### **''ਮਸੀਹ ਵਿਚ''** (30)

ਰੋਮੀਆਂ 9:1
''ਮੈਂ *ਮਸੀਹ ਵਿਚ* ਸੱਚ ਆਖਦਾ ਹਾਂ, ਝੂਠ ਨਹੀਂ ਕਹਿੰਦਾ ਅਤੇ ਮੇਰਾ ਅੰਤਹਕਰਨ ਪਵਿੱਤਰ ਆਤਮਾ ਵਿਚ ਮੇਰਾ ਗਵਾਹ ਹੈ।''

ਰੋਮੀਆਂ 12:5
''ਤਿਵੇਂ ਅਸੀਂ ਜੋ ਢੇਰ ਸਾਰੇ ਹਾਂ *ਮਸੀਹ ਵਿਚ* ਮਿਲ ਕੇ ਇਕ ਸਰੀਰ ਹਾਂ ਅਰ ਇਕ ਇਕ ਕਰਕੇ ਇਕ ਦੂਏ ਦੇ ਅੰਗ ਹਾਂ।''

ਰੋਮੀਆਂ 16:7
''ਅੰਦਰੁਨਿਕੁਸ ਅਤੇ ਯੂਨਿਆਸ ਮੇਰੇ ਸਾਕਾਂ ਨੂੰ ਸਲਾਮ ਆਖੋ ਜਿਹੜੇ ਕੈਦ ਵਿਚ ਮੇਰੇ ਸਾਥੀ ਸਨ ਅਤੇ ਰਸੂਲਾਂ ਵਿਚ ਪਰਸਿੱਧ ਹਨ ਅਤੇ ਮੈਥੋਂ ਪਹਿਲਾਂ *ਮਸੀਹ ਵਿਚ* ਹੋਏ।''

ਰੋਮੀਆਂ 16:9
''ਉਰਬਾਨੁਸ ਨੂੰ ਜਿਹੜਾ *ਮਸੀਹ ਵਿਚ* ਸਾਡੇ ਨਾਲ ਦਾ ਕੰਮ ਕਰਨ ਵਾਲਾ ਹੈ ਅਤੇ ਮੇਰੇ ਪਿਆਰੇ ਸਤਾਖੁਸ ਨੂੰ ਸਲਾਮ ਆਖੋ।''

ਰੋਮੀਆਂ 16:10
''ਅਪਿੱਲੇਸ ਨੂੰ ਜਿਹੜਾ *ਮਸੀਹ ਵਿਚ* ਹੋ ਕੇ ਪਰਵਾਨ ਹੈ ਸਲਾਮ ਆਖੋ।''

1 ਕੁਰਿੰਥੀਆਂ 3:1
''ਹੇ ਭਰਾਵੋ, ਮੈਂ ਤੁਹਾਡੇ ਨਾਲ ਐਂਦਾਂ ਨਾ ਬੋਲ ਸੱਕਿਆ ਜਿੱਦਾਂ ਆਤਮਿਕਾਂ ਨਾਲ ਸਗੋਂ ਜਿੱਦਾਂ ਸਰੀਰਕਾਂ ਨਾਲ ਬੋਲੀਦਾ ਹੈ। ਹਾਂ, ਜਿੱਦਾਂ ਉਨ੍ਹਾਂ ਨਾਲ ਜਿਹੜੇ *ਮਸੀਹ ਵਿਚ* ਨਿਆਣੇ ਹਨ।''

1 ਕੁਰਿੰਥੀਆਂ 4:10
''ਅਸੀਂ ਮਸੀਹ ਦੇ ਨਮਿੱਤ ਮੂਰਖ ਹਾਂ ਪਰ ਤੁਸੀਂ *ਮਸੀਹ ਵਿਚ* ਸਿਆਣੇ ਹੋ। ਅਸੀਂ ਨਿਰਬਲ ਹਾਂ ਪਰ

ਤੁਸੀਂ ਬਲਵੰਤ ਹੋ। ਤੁਸੀਂ ਪਰਤਾਪ ਵਾਲੇ ਹੋ ਪਰ ਅਸੀਂ ਬੇਪੱਤ ਹਾਂ।''

1 ਕੁਰਿੰਥੀਆਂ 4:15
''ਭਾਵੇਂ ਹੀ *ਮਸੀਹ ਵਿਚ* ਦਸ ਹਜ਼ਾਰ ਉਸਤਾਦ ਤੁਹਾਡੇ ਹੋਣ ਪਰ ਪਿਉ ਬਹੁਤੇ ਨਹੀਂ ਇਸ ਲਈ ਜੋ ਮਸੀਹ ਯਿਸੂ ਵਿਚ ਖੁਸ਼ ਖਬਰੀ ਦੇ ਵਸੀਲੇ ਨਾਲ ਤੁਹਾਡਾ ਪਿਉ ਮੈਂ ਹੀ ਹੋਇਆ।''

1 ਕੁਰਿੰਥੀਆਂ 4:17
''ਇਸ ਕਰਕੇ ਮੈਂ ਤਿਮੋਥਿਉਸ ਨੂੰ ਤੁਹਾਡੇ ਕੋਲ ਘੱਲਿਆ ਜਿਹੜਾ ਪ੍ਰਭੂ ਵਿਚ ਮੇਰਾ ਪਿਆਰਾ ਅਤੇ ਨਿਹਚਾ ਜੋਗ ਪੁੱਤਰ ਹੈ। ਉਹ ਮੇਰੇ ਵਰਤਾਵੇ ਜੋ *ਮਸੀਹ ਵਿਚ* ਹਨ ਤੁਹਾਨੂੰ ਚੇਤੇ ਕਰਾਵੇਗਾ ਜਿਸ ਤਰਾਂ ਮੈਂ ਸਭਨੀਂ ਥਾਈਂ ਹਰੇਕ ਕਲੀਸੀਆ ਵਿਚ ਉਪਦੇਸ਼ ਕਰਦਾ ਹਾਂ।''

1 ਕੁਰਿੰਥੀਆਂ 15:17, 18
''ਅਤੇ ਜੇ ਮਸੀਹ ਨਹੀਂ ਜੀ ਉੱਠਿਆ ਹੈ ਤਾਂ ਤੁਹਾਡੀ ਨਿਹਚਾ ਅਕਾਰਥ ਹੈ। ਤੁਸੀਂ ਅਜੇ ਆਪਣੇ ਪਾਪਾਂ ਵਿਚ ਹੋ। ਤਦ ਜਿਹੜੇ *ਮਸੀਹ ਵਿਚ* ਹੋ ਕੇ ਸੌਂ ਗਏ ਹਨ ਓਹ ਵੀ ਨਾਸ ਹੋਏ।''

1 ਕੁਰਿੰਥੀਆਂ 15:19
''ਜੇ ਨਿਰੇ ਇਸੇ ਜੀਵਨ ਵਿਚ ਅਸਾਂ *ਮਸੀਹ ਵਿਚ* ਆਸ ਰੱਖੀ ਹੋਈ ਹੈ ਤਾਂ ਅਸੀਂ ਸਭਨਾਂ ਮਨੁੱਖਾਂ ਨਾਲੋਂ ਤਰਸ ਜੋਗ ਹਾਂ।''

2 ਕੁਰਿੰਥੀਆਂ 1:21
''ਜਿਹੜਾ ਸਾਨੂੰ ਤੁਹਾਡੇ ਨਾਲ *ਮਸੀਹ ਵਿਚ* ਕਾਇਮ ਕਰਦਾ ਹੈ ਅਤੇ ਜਿਹ ਨੇ ਸਾਨੂੰ ਥਾਪਿਆ ਉਹ ਪਰਮੇਸ਼ੁਰ ਹੈ।''

2 ਕੁਰਿੰਥੀਆਂ 2:17
''ਅਸੀਂ ਤਾਂ ਬਾਹਲਿਆਂ ਦੀ ਨਿਆਈਂ ਪਰਮੇਸ਼ੁਰ ਦੀ ਬਾਣੀ ਵਿਚ ਮਿਲਾਉਟ ਨਹੀਂ ਕਰਦੇ ਪਰ ਨਿਸ਼ਕਪਟਤਾ ਨਾਲ ਪਰਮੇਸ਼ੁਰ ਦੀ ਵੱਲੋਂ ਪਰਮੇਸ਼ੁਰ ਦੇ ਅੱਗੇ *ਮਸੀਹ ਵਿਚ* ਹੋ ਕੇ ਬੋਲਦੇ ਹਾਂ।''

2 ਕੁਰਿੰਥੀਆਂ 3:14
''ਪਰ ਉਨ੍ਹਾਂ ਦੀ ਬੁੱਧ ਮੋਟੀ ਹੋ ਗਈ ਕਿਉਂ ਜੋ ਅੱਜ ਤੋੜੀ ਪੁਰਾਣੇ ਨੇਮ ਦੇ ਪੜ੍ਹਨ ਵਿਚ ਉਹੋ ਪੜਦਾ ਰਹਿੰਦਾ ਹੈ ਅਤੇ ਚੁੱਕਿਆ ਨਹੀਂ ਜਾਂਦਾ ਪਰ ਉਹ *ਮਸੀਹ ਵਿਚ* ਅਲੋਪ ਹੋ ਜਾਂਦਾ ਹੈ।''

2 ਕੁਰਿੰਥੀਆਂ 5:17
''ਸੋ ਜੇ ਕੋਈ *ਮਸੀਹ ਵਿਚ* ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਓਹ ਨਵੀਆਂ ਹੋ ਗਈਆਂ ਹਨ।''

2 ਕੁਰਿੰਥੀਆਂ 5:19
''... ਪਰਮੇਸ਼ੁਰ *ਮਸੀਹ ਵਿਚ* ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ ਅਤੇ ਉਨ੍ਹਾਂ ਦੇ ਅਪਰਾਧਾਂ ਦਾ ਲੇਖਾ ਨਹੀਂ ਸੀ ਕਰਦਾ ਅਤੇ ਉਸ ਨੇ ਮੇਲ ਮਿਲਾਪ ਦਾ ਵਚਨ ਸਾਨੂੰ ਸੌਂਪ ਦਿੱਤਾ।''

2 ਕੁਰਿੰਥੀਆਂ 12:2
''ਮੈਂ *ਮਸੀਹ ਵਿਚ* ਇਕ ਮਨੁੱਖ ਨੂੰ ਜਾਣਦਾ ਹਾਂ ਜਿਹੜਾ ਚੌਦਾਂ ਵਰਹੇ ਬੀਤੇ ਕੀ ਸਰੀਰ ਸਹਿਤ ਮੈਂ ਨਹੀਂ ਜਾਣਦਾ, ਕੀ ਸਰੀਰ ਰਹਿਤ ਮੈਂ ਨਹੀਂ ਜਾਣਦਾ, ਪਰਮੇਸ਼ੁਰ ਜਾਣੇ! ਅਜਿਹਾ ਮਨੁੱਖ ਤੀਜੇ ਅਕਾਸ਼ ਉੱਤੇ ਅਚਾਣਕ ਖਿੱਚਿਆ ਗਿਆ।''

2 ਕੁਰਿੰਥੀਆਂ 12:19
''ਭਲਾ, ਤੁਸੀਂ ਅਜੇ ਤੀਕ ਸਮਝਦੇ ਹੋ ਕੇ ਅਸੀਂ ਤੁਹਾਡੇ ਅੱਗੇ ਉਜ਼ਰ ਕਰਦੇ ਹਾਂ? ਅਸੀਂ ਪਰਮੇਸ਼ੁਰ ਦੇ ਅੱਗੇ *ਮਸੀਹ ਵਿਚ* ਹੋ ਕੇ ਬੋਲਦੇ ਹਾਂ। ਪਰ ਹੇ ਪਿਆਰਿਓ, ਏਹ ਸਾਰੀਆਂ ਗੱਲਾਂ ਤੁਹਾਡੇ ਹੀ ਸੁਧਾਰ ਲਈ ਹਨ।''

ਗਲਾਤੀਆਂ 1:22
''ਅਤੇ ਯਹੂਦੀਆਂ ਦੀਆਂ ਕਲਸੀਆਵਾਂ ਨੂੰ ਜੋ *ਮਸੀਹ ਵਿਚ* ਸਨ ਅਜੇ ਮੇਰੇ ਚਿਹਰੇ ਦੀ ਸਿਆਣ ਵੀ ਨਾ ਸੀ।''

ਗਲਾਤੀਆਂ 2:17
''ਪਰ ਜੇ ਅਸੀਂ *ਮਸੀਹ ਵਿਚ* ਧਰਮੀ ਠਹਿਰਾਏ ਜਾਣ ਦੀ ਭਾਲ ਕਰਦਿਆਂ ਆਪ ਵੀ ਪਾਪੀ ਨਿੱਕਲੇ ਤਾਂ ਭਲਾ, ਮਸੀਹ ਪਾਪ ਦਾ ਸੇਵਾਦਾਰ ਹੋਇਆ? ਕਦੇ ਨਹੀਂ!''

ਅਫ਼ਸੀਆਂ 1:3
''ਮੁਬਾਰਕ ਹੋਵੇ ਸਾਡੇ ਪ੍ਰਭੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹ ਨੇ *ਮਸੀਹ ਵਿਚ* ਸੁਰਗੀ ਥਾਵਾਂ ਸਾਨੂੰ ਬਰਕਤ ਦਿੱਤੀ।''

ਅਫ਼ਸੀਆਂ 4:32
''ਅਤੇ ਤੁਸੀਂ ਇਕ ਦੂਏ ਉੱਤੇ ਕਿਰਪਾਵਾਨ ਅਤੇ ਤਰਸਵਾਨ ਹੋਵੋ ਅਤੇ ਇਕ ਦੂਏ ਨੂੰ ਮਾਫ਼ ਕਰੋ ਜਿਵੇਂ ਪਰਮੇਸ਼ੁਰ ਨੇ ਵੀ *ਮਸੀਹ ਵਿਚ* ਤੁਹਾਨੂੰ ਮਾਫ਼ ਕੀਤਾ।''

ਫ਼ਿਲਿੱਪੀਆਂ 2:1, 2
''ਸੋ ਜੇ *ਮਸੀਹ ਵਿਚ* ਕੁਝ ਦਿਲਾਸਾ, ... ਤਾਂ ਮੇਰੇ ਅਨੰਦ ਨੂੰ ਪੂਰਾ ਕਰੋ ਭਈ ਤੁਸੀਂ ਇਕ ਮਨ ਹੋ ਕੇ, ਇੱਕੋ ਜਿਹਾ ਪ੍ਰੇਮ ਰੱਖੋ, ਇਕ ਚਿੱਤ, ਇਕ ਮੱਤ ਹੋਏ।''

ਕੁਲੁੱਸੀਆਂ 1:2
''ਅੱਗੇ ਜੋਗ ਉਨ੍ਹਾਂ ਸੰਤਾਂ ਨੂੰ ਜਿਹੜੇ ਕੁਲੁੱਸੈ ਦੇ ਵਾਸੀ ਅਤੇ *ਮਸੀਹ ਵਿਚ* ਨਿਹਚਾਵਾਨ ਭਾਈ ਹਨ ਸਾਡੇ

ਪਿਤਾ ਪਰਮੇਸ਼ੁਰ ਦੀ ਵੱਲੋਂ ਤੁਹਾਡੇ ਉੱਤੇ ਕਿਰਪਾ ਅਤੇ ਸ਼ਾਂਤੀ ਹੁੰਦੀ ਰਹੇ।''

ਕੁਲੁੱਸੀਆਂ 1:28
''ਜਿਹ ਦੀ ਅਸੀਂ ਖਬਰ ਦਿੰਦੇ ਹਾਂ ਅਤੇ ਹਰੇਕ ਮਨੁੱਖ ਨੂੰ ਚਿਤਾਰਦੇ ਅਤੇ ਹਰਕੇ ਮਨੁੱਖ ਨੂੰ ਪੂਰੇ ਗਿਆਨ ਨਾਲ ਉਪਦੇਸ਼ ਦਿੰਦੇ ਹਾਂ ਭਈ ਅਸੀਂ ਹਰੇਕ ਮਨੁੱਖ ਨੂੰ *ਮਸੀਹ ਵਿਚ* ਸਿੱਧ ਕਰ ਕੇ ਪੇਸ਼ ਕਰੀਏ।''

1 ਥੱਸਲੁਨੀਕੀਆਂ 4:16
''ਇਸ ਲਈ ਜੋ ਪ੍ਰਭੂ ਆਪ ਲਲਕਾਰੇ ਨਾਲ, ਮਹਾਂ ਦੂਤ ਦੀ ਅਵਾਜ਼ ਨਾਲ ਅਤੇ ਪਰਮੇਸ਼ੁਰ ਦੀ ਤੁਰ੍ਹੀ ਨਾਲ ਸੁਰਗ ਤੋਂ ਉੱਤਰੇਗਾ ਅਤੇ ਜਿਹੜੇ *ਮਸੀਹ ਵਿਚ* ਹੋ ਕੇ ਮੋਏ ਹਨ ਓਹ ਪਹਿਲਾਂ ਜੀ ਉੱਠਣਗੇ।''

ਫ਼ਿਲੇਮੋਨ 1:20
''ਹਾਂ, ਭਰਾਵਾ, ਤੈਥੋਂ ਪ੍ਰਭੂ ਵਿਚ ਮੈਨੂੰ ਅਨੰਦ ਪ੍ਰਾਪਤ ਹੋਵੇ। *ਮਸੀਹ ਵਿਚ* ਮੇਰਾ ਦਿਲ ਤਾਜ਼ਾ ਕਰ।''

1 ਪਤਰਸ 3:16
''ਅਤੇ ਅੰਤਹਕਰਨ ਸ਼ੁੱਧ ਰੱਖੋ ਭਈ ਓਹ ਜਿਹੜੇ ਤੁਹਾਡੀ ਸ਼ੁਭ ਚਾਲ ਨੂੰ ਜੋ *ਮਸੀਹ ਵਿਚ* ਹੈ ਮੰਦਾ ਆਖਦੇ ਹਨ ਸੋ ਜਿਸ ਗੱਲ ਵਿਚ ਓਹ ਤੁਹਾਡੇ ਵਿਰੁੱਧ ਬੋਲਦੇ ਹਨ ਓਹ ਲੱਜਿਆਵਾਨ ਹੋਣ।''

1 ਪਤਰਸ 5:10
''ਅਤੇ ਪਰਮ ਕਿਰਪਾਲੂ ਪਰਮੇਸ਼ੁਰ ਜਿਹ ਨੇ ਤੁਹਾਨੂੰ ਆਪਣੇ ਸਦੀਪਕ ਤੇਜ ਦੇ ਲਈ *ਮਸੀਹ ਵਿਚ* ਸੱਦਿਆ ਜਦ ਤੁਸਾਂ ਥੋੜ੍ਹਾ ਚਿਰ ਦੁਖ ਭੋਗ ਲਿਆ ਤਾਂ ਆਪੇ ਤੁਹਾਨੂੰ ਕਾਮਿਲ, ਕਾਇਮ ਅਤੇ ਤਕੜਿਆਂ ਕਰੇਗਾ।''

1 ਪਤਰਸ 5:14
''ਤੁਸੀਂ ਪ੍ਰੇਮ ਨਾਲ ਇਕ ਦੂਏ ਨੂੰ ਚੁੰਮ ਕੇ ਸੁੱਖ ਸਾਂਦ ਪੁੱਛੋ। ਤੁਹਾਨੂੰ ਸਭਨਾਂ ਨੂੰ ਜਿਹੜੇ *ਮਸੀਹ ਵਿਚ* ਹੋ ਸ਼ਾਂਤੀ ਹੁੰਦੀ ਰਹੇ।''

## ''ਮਸੀਹ ਵਿਚ'' (5)

1 ਕੁਰਿੰਥੀਆਂ 15:22
''ਜਿਸ ਤਰ੍ਹਾਂ ਆਦਮ ਵਿਚ ਸੱਭੇ ਮਰਦੇ ਹਨ ਉਸੇ ਤਰਾਂ *ਮਸੀਹ ਵਿਚ* ਸੱਭੇ ਜੁਆਏ ਜਾਣਗੇ।''

2 ਕੁਰਿੰਥੀਆਂ 2:14
''ਪਰ ਧੰਨਵਾਦ ਹੈ ਪਰਮੇਸ਼ੁਰ ਦਾ ਜੋ *ਮਸੀਹ ਵਿਚ* ਸਾਨੂੰ ਸਦਾ ਫਤਹ ਦੇ ਕੇ ਲਈ ਫਿਰਦਾ ਹੈ ਅਰ ਉਹ ਦੇ ਗਿਆਨ ਦੀ ਵਾਸਨਾ ਸਾਡੇ ਰਾਹੀਂ ਥਾਓਂ ਥਾਈਂ ਖਿਲਾਰਦਾ ਹੈ।''

ਅਫ਼ਸੀਆਂ 1:9, 10
''ਕਿਉਂ ਜੋ ਉਹ ਨੇ ਆਪਣੀ ਇੱਛਿਆ ਦੇ ਭੇਤ ਨੂੰ ਸਾਡੇ ਉੱਤੇ ਪਰਗਟ ਕੀਤਾ ਆਪਣੇ ਉਸ ਨੇਮ ਇਰਾਦੇ ਦੇ

ਅਨੁਸਾਰ ਜਿਹੜਾ ਉਹ ਨੇ ਉਸ ਵਿਚ ਧਾਰਿਆ ਸੀ। ਭਈ ਸਮਿਆਂ ਦੀ ਪੂਰਨਤਾਈ ਦੀ ਜੁਗਤ ਹੋਵੇ ਤਾਂ ਜੋ ਉਹ ਸਭਨਾਂ ਨੂੰ ਜੋ ਸੁਰਗ ਵਿਚ ਅਤੇ ਜੋ ਧਰਤੀ ਉੱਤੇ ਹਨ *ਮਸੀਹ ਵਿਚ* ਇਕੱਠਾ ਕਰੇ।''

ਅਫ਼ਸੀਆਂ 1:11, 12
''... ਉਹ ਦੀ ਧਾਰਣਾ ਮੂਜਬ ਜਿਹੜਾ ਆਪਣੀ ਇੱਛਿਆ ਦੇ ਮਤੇ ਅਨੁਸਾਰ ਸੱਭੋ ਕੁਝ ਕਰਦਾ ਹੈ ਅੱਗੋਂ ਹੀ ਠਹਿਰਾਏ ਜਾ ਕੇ ਅਧਕਾਰ ਬਣ ਗਏ। ਭਈ ਅਸੀਂ ਜਿਹਨਾਂ ਪਹਿਲਾਂ *ਮਸੀਹ ਵਿਚ* ਆਸ ਕੀਤੀ ਸੀ ਉਹ ਦੀ ਮਹਿਮਾ ਦੀ ਉਸਤਤ ਹੋਈਏ।''

ਅਫ਼ਸੀਆਂ 1:19, 20
''ਅਤੇ ਅਸਾਂ ਨਿਹਚਾਵਾਨਾਂ ਵੱਲ ਉਹ ਦੀ ਸਮਰੱਥਾ ਦਾ ਅਤਯੰਤ ਵੱਡਾਪਣ ਉਹ ਦੀ ਵੱਡੀ ਸ਼ਕਤੀ ਦੇ ਅਮਲ ਅਨੁਸਾਰ ਕੀ ਹੈ। ਜਿਹੜਾ ਉਹ ਨੇ *ਮਸੀਹ ਵਿਚ* ਕੀਤਾ ਜਦ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਅਤੇ ਸੁਰਗੀ ਥਾਵਾਂ ਵਿਚ ਆਪਣੇ ਸੱਜੇ ਹੱਥ ਬਹਾਲਿਆ।''

## ''ਮਸੀਹ ਯਿਸੂ ਵਿਚ'' (42)

ਰੋਮੀਆਂ 3:23, 24
''ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ। ਸੋ ਉਹ ਦੀ ਕਿਰਪਾ ਨਾਲ ਉਸ ਨਿਸਤਾਰੇ ਦੇ ਕਾਰਨ ਜੋ *ਮਸੀਹ ਯਿਸੂ ਵਿਚ* ਹੁੰਦਾ ਹੈ ਓਸ ਮੁਫ਼ਤ ਧਰਮੀ ਗਿਣੇ ਜਾਂਦੇ ਹਨ।''

ਰੋਮੀਆਂ 6:11
''ਇਸੇ ਤਰ੍ਹਾਂ ਤੁਸੀਂ ਵੀ ਆਪਣੇ ਆਪ ਨੂੰ ਪਾਪ ਦੀ ਵੱਲੋਂ ਮੋਏ ਹੋਏ ਪਰ *ਮਸੀਹ ਯਿਸੂ ਵਿਚ* ਪਰਮੇਸ਼ੁਰ ਲਈ ਜੀਉਂਦੇ ਸਮਝੋ।''

ਰੋਮੀਆਂ 6:23
''ਪਾਪ ਦੀ ਮਜ਼ਦੂਰੀ ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ *ਮਸੀਹ ਯਿਸੂ ਵਿਚ* ਸਾਡੇ ਪ੍ਰਭੂ ਦੇ *ਵਿਚ* ਸਦੀਪਕ ਜੀਵਨ ਹੈ।''

ਰੋਮੀਆਂ 8:1
''ਸੋ ਹੁਣ ਉਨ੍ਹਾਂ ਲਈ ਜਿਹੜੇ *ਮਸੀਹ ਯਿਸੂ ਵਿਚ* ਹਨ ਸਜ਼ਾ ਦਾ ਹੁਕਮ ਨਹੀਂ ਹੈ।''

ਰੋਮੀਆਂ 8:2
''ਕਿਉਂਕਿ ਜੀਵਨ ਦੇ ਆਤਮਾ ਦੀ ਸ਼ਰ੍ਹਾ ਨੇ *ਮਸੀਹ ਯਿਸੂ ਵਿਚ* ਮੈਨੂੰ ਪਾਪ ਅਤੇ ਮੌਤ ਦੀ ਸ਼ਰਾ ਤੋਂ ਛੁਡਾ ਦਿੱਤਾ।''

ਰੋਮੀਆਂ 15:17
''ਸੋ ਖ਼ੁਦਾਈ ਗੱਲਾਂ ਦੇ ਵਿਖੇ ਮੈਨੂੰ *ਮਸੀਹ ਯਿਸੂ ਵਿਚ* ਅਭਮਾਨ ਕਰਨ ਦਾ ਵੇਲਾ ਹੈ।''

ਰੋਮੀਆਂ 16:3
‘‘ਪਰਿਸਕਾ ਅਤੇ ਅਕੂਲਾ ਨੂੰ ਸਲਾਮ ਆਖਣਾ ਜਿਹੜੇ *ਮਸੀਹ ਯਿਸੂ ਵਿਚ* ਮੇਰੇ ਨਾਲ ਦੇ ਕੰਮ ਕਰਨ ਵਾਲੇ ਹਨ।’’

1 ਕੁਰਿੰਥੀਆਂ 1:2
‘‘ਅੱਗੇ ਜੋਗ ਪਰਮੇਸ਼ੁਰ ਦੀ ਕਲੀਸੀਆ ਨੂੰ ਜਿਹੜੀ ਕੁਰਿੰਥੁਸ ਵਿਚ ਹੈ ਅਰਥਾਤ ਉਨ੍ਹਾਂ ਨੂੰ ਜਿਹੜੇ *ਮਸੀਹ ਯਿਸੂ ਵਿਚ* ਪਵਿੱਤਰ ਕੀਤੇ ਹੋਏ ਅਤੇ ਸੰਤ ਹੋਣ ਲਈ ਸੱਦੇ ਹੋਏ ਹਨ ਉਨ੍ਹਾਂ ਸਭਨਾਂ ਸਣੇ ਜਿਹੜੇ ਹਰੇਕ ਥਾਂ ਸਾਡੇ ਪ੍ਰਭੂ ਯਿਸੂ ਮਸੀਹ ਦਾ ਨਾਮ ਲੈਂਦੇ ਹਨ ਜੋ ਉਨ੍ਹਾਂ ਦਾ ਨਾਲੇ ਸਾਡਾ ਪ੍ਰਭੂ ਹੈ।’’

1 ਕੁਰਿੰਥੀਆਂ 1:4
‘‘ਮੈਂ ਪਰਮੇਸ਼ੁਰ ਦੀ ਕਿਰਪਾ ਦੇ ਕਾਰਨ ਜਿਹੜੀ *ਮਸੀਹ ਯਿਸੂ ਵਿਚ* ਤੁਹਾਨੂੰ ਦਿੱਤੀ ਗਈ ਹੈ ਤੁਹਾਡੇ ਲਈ ਸਦਾ ਆਪਣੇ ਪਰਮੇਸ਼ੁਰ ਦਾ ਧੰਨਵਾਦ ਕਰਦਾ ਹਾਂ।’’

1 ਕੁਰਿੰਥੀਆਂ 1:30
‘‘ਪਰ ਉਸ ਤੋਂ ਤੁਸੀਂ *ਮਸੀਹ ਯਿਸੂ ਵਿਚ* ਹੋ ਜਿਹੜਾ ਪਰਮੇਸ਼ੁਰ ਦੀ ਵੱਲੋਂ ਸਾਡੇ ਨਈ ਗਿਆਨ ਅਤੇ ਧਰਮ ਅਤੇ ਪਵਿੱਤਰਤਾਈ ਅਤੇ ਨਿਸਤਾਰਾ ਬਣਾਇਆ ਗਿਆ ਸੀ।’’

1 ਕੁਰਿੰਥੀਆਂ 4:15
‘‘ਭਾਵੇਂ ਹੀ ਮਸੀਹ ਵਿਚ ਦਸ ਹਜ਼ਾਰ ਉਸਤਾਦ ਤੁਹਾਡੇ ਹੋਣ ਪਰ ਪਿਉ ਬਹੁਤੇ ਨਹੀਂ ਇਸ ਲਈ ਜੋ *ਮਸੀਹ ਯਿਸੂ ਵਿਚ* ਖੁਸ਼ ਖਬਰੀ ਦੇ ਵਸੀਲੇ ਨਾਲ ਤੁਹਾਡਾ ਪਿਉ ਮੈਂ ਹੀ ਹੋਇਆ।’’

1 ਕੁਰਿੰਥੀਆਂ 16:24
‘‘*ਮਸੀਹ ਯਿਸੂ ਵਿਚ* ਤੁਸਾਂ ਸਭਨਾਂ ਨੂੰ ਮੇਰਾ ਪ੍ਰੇਮ। ਆਮੀਨ।’’

ਗਲਾਤੀਆਂ 2:4
‘‘ਪਰ ਉਨ੍ਹਾਂ ਝੂਠੇ ਭਰਾਵਾਂ ਦੇ ਕਾਰਨ ਜੋ ਚੁੱਪ ਕੀਤੇ ਉਸ ਅਜ਼ਾਦੀ ਦੀ ਸੂਹ ਲੈਣ ਲਈ ਜਿਹੜੀ *ਮਸੀਹ ਯਿਸੂ ਵਿਚ* ਸਾਨੂੰ ਮਿਲੀ ਹੋਈ ਹੈ ਚੋਰੀ ਵੜ ਆਏ ਭਈ ਸਾਨੂੰ ਬੰਧਨ ਵਿਚ ਲਿਆਉਣ।’’

ਗਲਾਤੀਆਂ 3:13, 14
‘‘ਮਸੀਹ ਨੇ ਸਾਨੂੰ ਮੁੱਲ ਲੈ ਕੇ ਸ਼ਰਾ ਦੇ ਸਰਾਪ ਤੋਂ ਛੁਡਾਇਆ ਇਸ ਕਰਕੇ ਜੋ, ... ਅਬਰਾਹਾਮ ਦੀ ਬਰਕਤ *ਮਸੀਹ ਯਿਸੂ ਵਿਚ* ਪਰਾਈਆਂ ਕੌਮਾਂ ਉੱਤੇ ਹੋਵੇ, ...।’’

ਗਲਾਤੀਆਂ 3:28
‘‘ਨਾ ਯਹੂਦੀ ਨਾ ਯੂਨਾਨੀ, ਨਾ ਗੁਲਾਮ, ਨਾ ਅਜ਼ਾਦ, ਨਾ ਨਰ ਨਾ ਨਾਰੀ ਹੋ ਸਕਦਾ ਹੈ ਕਿਉਂ ਜੋ ਤੁਸੀਂ ਸੱਭੇ *ਮਸੀਹ ਯਿਸੂ ਵਿਚ* ਇੱਕੋ ਹੀ ਹੋ।’’

ਗਲਾਤੀਆਂ 5:6
''ਕਿਉਂ ਜੋ *ਮਸੀਹ ਯਿਸੂ ਵਿਚ* ਨਾ ਤਾਂ ਸੁੰਨਤ, ਨਾ ਹੀ ਅਸੁੰਨਤ ਤੋਂ ਕੁਝ ਬਣਦਾ ਹੈ ਸਗੋਂ ਨਿਹਚਾ ਤੋਂ ਜਿਹੜਾ ਪ੍ਰੇਮ ਦੇ ਰਾਹੀਂ ਗੁਣਕਾਰ ਹੁੰਦੀ ਹੈ।''

ਅਫ਼ਸੀਆਂ 1:1
''ਲਿਖਤੁਮ ਪੌਲੁਸ ਜਿਹੜਾ ਪਰਮੇਸ਼ੁਰ ਦੀ ਇੱਛਿਆ ਤੋਂ ਮਸੀਹ ਯਿਸੂ ਦਾ ਰਸੂਲ ਹਾਂ। ਅੱਗੇ ਜੋਗ ਉਨ੍ਹਾਂ ਸੰਤਾਂ ਨੂੰ ਜਿਹੜੇ ਅਫ਼ਸੁਸ ਵਿਚ ਵੱਸਦੇ ਹਨ ਅਤੇ *ਮਸੀਹ ਯਿਸੂ ਵਿਚ* ਨਿਹਚਾਵਾਨ ਹਨ।''

ਅਫ਼ਸੀਆਂ 2:4-7
''ਪਰੰਤੂ ਪਰਮੇਸ਼ੁਰ ਨੇ, ... ਸਾਨੂੰ ਮਸੀਹ ਦੇ ਨਾਲ ਜਿਵਾਲਿਆ (ਕਿਰਪਾ ਤੋਂ ਹੀ ਤੁਸੀਂ ਬਚਾਏ ਗਏ ਹੋ) । ਅਤੇ ਉਹ ਨੇ ਸਾਨੂੰ ਉਸ ਦੇ ਨਾਲ ਉਠਾਇਆ ਅਰ ਸਾਨੂੰ *ਮਸੀਹ ਯਿਸੂ ਵਿਚ* ਸੁਰਗੀ ਥਾਵਾਂ ਉੱਤੇ ਉਸ ਦੇ ਬਹਾਲਿਆ। ਭਈ ਦਿਆਲਗੀ ਨਾਲ ਜੋ *ਮਸੀਹ ਯਿਸੂ ਵਿਚ* ਸਾਡੇ ਉੱਤੇ ਹੈ ਉਹ ਆਉਣ ਵਾਲਿਆਂ ਜੁੱਗਾਂ ਵਿਚ ਆਪਣੀ ਕਿਰਪਾ ਦਾ ਬੇਹੱਦ ਧਨ ਉਜਾਗਰ ਕਰੇ।''

ਅਫ਼ਸੀਆਂ 2:10
''ਕਿਉਂ ਜੋ ਅਸੀਂ ਉਹ ਦੀ ਰਚਨਾ ਹਾਂ ਜਿਹੜੇ *ਮਸੀਹ ਯਿਸੂ ਵਿਚ* ਸ਼ੁਭ ਕਰਮਾਂ ਲਈ ਰਚੇ ਗਏ ਜੋ ਪਰਮੇਸ਼ੁਰ ਨੇ ਅੱਗੋਂ ਹੀ ਤਿਆਰ ਕੀਤੇ ਸਨ ਭਈ ਅਸੀਂ ਉਨ੍ਹਾਂ ਵਿਚ ਲੱਗੇ ਰਹੀਏ।''

ਅਫ਼ਸੀਆਂ 2:13
''ਪਰ ਹੁਣ *ਮਸੀਹ ਯਿਸੂ ਵਿਚ* ਤੁਸੀਂ ਜੋ ਅੱਗੇ ਦੂਰ ਸਾਓ ਮਸੀਹ ਦੇ ਲਹੂ ਦੇ ਕਾਰਨ ਨੇੜੇ ਕੀਤੇ ਗਏ ਹੋ।''

ਅਫ਼ਸੀਆਂ 3:6
''*ਮਸੀਹ ਯਿਸੂ ਵਿਚ* ਖੁਸ਼ ਖਬਰੀ ਦੇ ਦੁਆਰਾ ਪਰਾਈਆਂ ਕੌਮਾਂ ਦੇ ਲੋਕ ਸੰਗੀ ਅਧਕਾਰੀ ਅਤੇ ਇੱਕੋ ਦੇਹੀ ਦੇ ਅਤੇ ਵਾਇਦੇ ਦੇ ਸਾਂਝੀ ਹਨ।''

ਅਫ਼ਸੀਆਂ 3:11
''ਉਸ ਸਦੀਪਕ ਮੰਸ਼ਾ ਦੇ ਅਨੁਸਾਰ ਜਿਹੜੀ ਉਸ ਨੇ *ਮਸੀਹ ਯਿਸੂ*[4] ਸਾਡੇ ਪ੍ਰਭੂ ਵਿਚ ਧਾਰੀ।''

ਅਫ਼ਸੀਆਂ 3:21
''ਕਲੀਸੀਆ ਵਿਚ ਅਤੇ *ਮਸੀਹ ਯਿਸੂ ਵਿਚ* ਸਾਰੀਆਂ ਪੀੜ੍ਹੀਆਂ ਤੀਕਰ ਜੁੱਗੋ ਜੁੱਗ ਉਸ ਦੀ ਵਡਿਆਈ ਹੋਵੇ। ਆਮੀਨ।''

ਫ਼ਿਲਿੱਪੀਆਂ 1:1
''ਲਿਖਤੁਮ ਪੌਲੁਸ ਅਰ ਤਿਮੋਥਿਉਸ ਮਸੀਹ ਯਿਸੂ ਦੇ ਦਾਸ, ਅੱਗੇ ਜੋਗ ਫ਼ਿਲਿੱਪੈ ਵਿਚ ਦੇ ਜਿੰਨੇ *ਮਸੀਹ ਯਿਸੂ ਵਿਚ* ਸੰਤ ਹਨ ਉਨ੍ਹਾਂ ਸਭਨਾਂ ਨੂੰ ਕਲੀਸੀਆ ਦਿਆ ਨਿਗਾਹਬਾਨਾਂ ਅਤੇ ਸੇਵਕਾਂ ਸਣੇ।''

ਫ਼ਿਲਿੱਪੀਆਂ 1:26
''ਤਾਂ ਜੋ *ਮਸੀਹ ਯਿਸੂ ਵਿਚ* ਤੁਹਾਡਾ ਅਭਮਾਨ ਜੋ ਮੇਰੇ ਉੱਤੇ ਹੈ ਤੁਹਾਡੇ ਕੋਲ ਮੇਰੇ ਫੇਰ ਆਉਣ ਕਰਕੇ ਵਧ ਜਾਵੇ।''

ਫ਼ਿਲਿੱਪੀਆਂ 3:3
''ਕਿਉਂ ਜੋ ਸੁੰਨਤੀ ਤਾਂ ਅਸੀਂ ਹਾਂ ਜਿਹੜੇ ਪਰਮੇਸ਼ੁਰ ਦੇ ਆਤਮਾ ਨਾਲ ਭਜਨ ਕਰਦੇ ਹਾਂ ਅਤੇ *ਮਸੀਹ ਯਿਸੂ ਵਿਚ* ਅਭਮਾਨ ਕਰਦੇ ਹਾਂ ਅਤੇ ਸਰੀਰ ਦਾ ਆਸਰਾ ਨਹੀਂ ਰੱਖਦੇ।''

ਫ਼ਿਲਿੱਪੀਆਂ 3:14
''ਨਿਸ਼ਾਨੇ ਵੱਲ ਦੱਬੀ ਜਾਂਦਾ ਹਾਂ ਭਈ ਉਸ ਉੱਪਰਲੇ ਸੱਦੇ ਦਾ ਇਨਾਮ ਲਵਾਂ ਜੋ ਪਰਮੇਸ਼ੁਰ ਦੀ ਵੱਲੋਂ *ਮਸੀਹ ਯਿਸੂ ਵਿਚ* ਹੈ।''

ਫ਼ਿਲਿੱਪੀਆਂ 4:7
''ਅਤੇ ਪਰਮੇਸ਼ੁਰ ਦੀ ਸ਼ਾਂਤੀ ਜੋ ਸਾਰੀ ਸਮਝ ਤੋਂ ਪਰੇ ਹੈ *ਮਸੀਹ ਯਿਸੂ ਵਿਚ* ਤੁਹਾਡਿਆਂ ਮਨਾਂ ਅਤੇ ਸੋਚਾਂ ਦੀ ਰਾਖੀ ਕਰੇਗੀ।''

ਫ਼ਿਲਿੱਪੀਆਂ 4:19
''ਅਤੇ ਮੇਰਾ ਪਰਮੇਸ਼ੁਰ ਤੇਜ ਵਿਚ ਆਪਣੇ ਧਨ ਦੇ ਅਨੁਸਾਰ ਤੁਹਾਡੀ ਹਰੇਕ ਥੁੜ ਨੂੰ *ਮਸੀਹ ਯਿਸੂ ਵਿਚ* ਸੰਪੂਰਨ ਕਰੇਗਾ।''

ਫ਼ਿਲਿੱਪੀਆਂ 4:21
''*ਮਸੀਹ ਯਿਸੂ ਵਿਚ* ਹਰੇਕ ਸੰਤ ਨੂੰ ਸੁਖ ਸਾਂਦ ਆਖਣਾ। ਮੇਰੇ ਨਾਲ ਜਿਹੜੇ ਭਾਈ ਹਨ ਤੁਹਾਨੂੰ ਸੁੱਖ ਸਾਂਦ ਆਖਦੇ ਹਨ।''

1 ਥੱਸਲੁਨੀਕੀਆਂ 2:14
''ਕਿਉਂ ਜੋ ਹੇ ਭਰਾਵੋ, ਤੁਸੀਂ ਪਰਮੇਸ਼ੁਰ ਦੀਆਂ ਉਨ੍ਹਾਂ ਕਲੀਸੀਆਵਾਂ ਵਰਗੇ ਹੋਵੋ ਜੋ ਜਿਹੜੀਆਂ *ਮਸੀਹ ਯਿਸੂ ਵਿਚ* ਯਹੂਦੀਆ ਵਿਚ ਹਨ ਇਸ ਲਈ ਜੋ ਤੁਸਾਂ ਆਪਣੀ ਕੌਮ ਵਾਲਿਆਂ ਦੇ ਹੱਥੋਂ ਓਹੋ ਦੁਖ ਝੱਲੇ ਜਿਹੜੇ ਉਨ੍ਹਾਂ ਵੀ ਯਹੂਦੀਆਂ ਦੇ ਹੱਥੋਂ ਚੱਲੇ ਸਨ।''

1 ਥੱਸਲੁਨੀਕੀਆਂ 5:18
''ਹਰ ਹਾਲ ਵਿਚ ਧੰਨਵਾਦ ਕਰੋ ਕਿਉਂ ਜੋ ਤੁਹਾਡੇ ਲਈ *ਮਸੀਹ ਯਿਸੂ ਵਿਚ* ਪਰਮੇਸ਼ੁਰ ਦੀ ਇਹੋ ਇੱਛਿਆ ਹੈ।''

1 ਤਿਮੋਥਿਉਸ 1:14
''ਅਤੇ ਸਾਡੇ ਪ੍ਰਭੂ ਦੀ ਕਿਰਪਾ ਨਿਹਚਾ ਅਤੇ ਪ੍ਰੇਮ ਨਾਲ ਜੋ *ਮਸੀਹ ਯਿਸੂ ਵਿਚ* ਹੈ ਅੱਤ ਘਨੇਰੀ ਹੋਈ।''

2 ਤਿਮੋਥਿਉਸ 1:1, 2
''ਲਿਖਤੁਮ ਪੌਲੁਸ ਜੋ ਉਸ ਜੀਵਨ ਦੇ ਵਾਇਦੇ ਦੇ ਅਨੁਸਾਰ ਜਿਹੜਾ *ਮਸੀਹ ਯਿਸੂ ਵਿਚ* ਹੈ ਪਰਮੇਸ਼ੁਰ ਦੀ ਇੱਛਿਆ ਤੋਂ ਮਸੀਹ ਯਿਸੂ ਦਾ ਰਸੂਲ ਹਾਂ, ...''

2 ਤਿਮੋਥਿਉਸ 1:9
''ਜਿਸ ਸਾਨੂੰ ਬਚਾਇਆ ਅਤੇ ਪਵਿੱਤਰ ਸੱਦੇ ਨਾਲ ਸੱਦਿਆ, ਸਾਡੀਆਂ ਕਰਨੀਆਂ ਦੇ ਅਨੁਸਾਰ ਨਹੀਂ ਸਗੋਂ ਆਪਣੀ ਮਨਸ਼ਾ ਦੇ ਅਤੇ ਉਸ ਕਿਰਪਾ ਦੇ ਅਨੁਸਾਰ ਜਿਹੜੀ *ਮਸੀਹ ਯਿਸੂ ਵਿਚ* ਸਨਾਤਨ ਸਮਿਆਂ ਤੋਂ ਸਾਡੇ ਉੱਤੇ ਕੀਤੀ ਗਈ।''

2 ਤਿਮੋਥਿਉਸ 1:13
''ਤੂੰ ਉਨ੍ਹਾਂ ਖਰੀਆਂ ਗੱਲਾਂ ਦੇ ਨਮੂਨੇ ਨੂੰ ਜਿਹੜੀਆਂ ਤੈਂ ਮੈਥੋਂ ਸੁਣੀਆਂ ਉਸ ਨਿਹਚਾ ਅਤੇ ਪ੍ਰੇਮ ਨਾਲ ਜੋ *ਮਸੀਹ ਯਿਸੂ ਵਿਚ* ਹੈ ਫੜੀ ਰੱਖੀਂ।''

2 ਤਿਮੋਥਿਉਸ 2:1
''ਉਪਰੰਤ ਹੇ ਮੇਰੇ ਬੱਚੇ, ਤੂੰ ਉਸ ਕਿਰਪਾ ਨਾਲ ਜੋ *ਮਸੀਹ ਯਿਸੂ ਵਿਚ* ਹੈ ਤਕੜਾ ਹੋ।''

2 ਤਿਮੋਥਿਉਸ 2:10
''ਇਸ ਕਾਰਨ ਮੈਂ ਚੁਣਿਆਂ ਹੋਇਆਂ ਲੋਕਾਂ ਲਈ ਸੱਭੋ ਕੁਝ ਸਹਿੰਦਾ ਹਾਂ ਭਈ ਓਹ ਭੀ ਉਸ ਮੁਕਤੀ ਨੂੰ ਜਿਹੜੀ *ਮਸੀਹ ਯਿਸੂ ਵਿਚ* ਹੈ ਸਦੀਪਕ ਤੇਜ ਸਣੇ ਪਰਾਪਤ ਕਰਨ।''

2 ਤਿਮੋਥਿਉਸ 3:12
''ਹਾਂ, ਸੱਭੇ ਜਿੰਨੇ *ਮਸੀਹ ਯਿਸੂ ਵਿਚ* ਭਗਤੀ ਨਾਲ ਉਮਰ ਕੱਟਣੀ ਚਾਹੁੰਦੇ ਹਨ ਸੋ ਸਤਾਏ ਜਾਣਗੇ।''

2 ਤਿਮੋਥਿਉਸ 3:15
''ਤੂੰ ਬਾਲ ਅਵਸਥਾ ਤੋਂ ਪਵਿੱਤਰ ਲਿਖਤਾਂ ਦਾ ਮਹਿਰਮ ਹੈਂ ਜਿਹੜੀਆਂ ਉਸ ਨਿਹਚਾ ਦੇ ਰਾਹੀਂ ਜੋ *ਮਸੀਹ ਯਿਸੂ ਵਿਚ* ਹੈ ਤੈਨੂੰ ਮੁਕਤੀ ਦਾ ਗਿਆਨ ਦੇ ਸਕਦੀਆਂ ਹਨ।''

ਫ਼ਿਲੇਮੋਨ 23
''ਇਪਫ਼ਰਾਸ ਜਿਹੜਾ *ਮਸੀਹ ਯਿਸੂ ਵਿਚ* ਕੈਦ ਵਿਚ ਮੇਰਾ ਸਾਥੀ ਹੈ ਤੇਰੀ ਸੁਖ ਸਾਂਦ ਪੁੱਛਦਾ ਹੈ।''

### ''ਮਸੀਹ ਯਿਸੂ ਸਾਡੇ ਪ੍ਰਭੂ ਵਿਚ'' (1)

ਰੋਮੀਆਂ 8:39
''ਨਾ ਉਚਿਆਈ, ਨਾ ਡੂੰਘਿਆਈ, ਨਾ ਕੋਈ ਹੋਰ ਸਰਿਸ਼ਟੀ ਪਰਮੇਸ਼ੁਰ ਦੇ ਓਸ ਪ੍ਰੇਮ ਤੋਂ ਜਿਹੜਾ *ਮਸੀਹ ਯਿਸੂ ਸਾਡੇ ਪ੍ਰਭੂ ਵਿਚ* ਸਾਨੂੰ ਅੱਡ ਕਰ ਸੱਕੇਗੀ।''

**''ਪ੍ਰਭੂ ਯਿਸੂ ਮਸੀਹ ਵਿਚ'' (3)**

1 ਥੱਸਲੁਨੀਕੀਆਂ 1:1
''ਲਿਖਤੁਮ ਪੌਲੁਸ ਅਤੇ ਸਿਲਵਾਨੁਸ ਅਤੇ ਤਿਮੋਥਿਉਸ, ਅੱਗੇ ਜੋਗ ਥੱਸਲੁਨੀਕੀਆਂ ਦੀ ਕਲੀਸੀਆ ਨੂੰ ਜੋ ਪਿਤਾ ਪਰਮੇਸ਼ੁਰ ਅਤੇ *ਪ੍ਰਭੂ ਯਿਸੂ ਮਸੀਹ ਵਿਚ* ਹੈ। ਤੁਹਾਨੂੰ ਕਿਰਪਾ ਅਤੇ ਸ਼ਾਂਤੀ ਹੁੰਦੀ ਰਹੇ।''

2 ਥੱਸਲੁਨੀਕੀਆਂ 1:1
''ਲਿਖਤੁਮ ਪੌਲੁਸ ਅਤੇ ਸਿਲਵਾਨੁਸ ਅਤੇ ਤਿਮੋਥਿਉਸ, ਅੱਗੇ ਜੋਗ ਥੱਸਲੁਨੀਕੀਆਂ ਦੀ ਕਲੀਸੀਆ ਨੂੰ ਜਿਹੜੀ ਸਾਡੇ ਪਿਤਾ ਪਰਮੇਸ਼ੁਰ ਅਤੇ *ਪ੍ਰਭੂ ਯਿਸੂ ਮਸੀਹ ਵਿਚ* ਹੈ।''

2 ਥੱਸਲੁਨੀਕੀਆਂ 3:12
''ਹੁਣ ਅਸੀਂ *ਪ੍ਰਭੂ ਯਿਸੂ ਮਸੀਹ ਵਿਚ* ਇਹੋ ਜੇਹਿਆਂ ਨੂੰ ਹੁਕਮ ਦਿੰਦੇ ਅਤੇ ਤਗੀਦ ਕਰਦੇ ਹਾਂ ਜੋ ਓਹ ਚੁੱਪ ਚਾਪ ਕੰਮ ਧੰਦਾ ਕਰ ਕੇ ਆਪਣੀ ਰੋਟੀ ਖਾਇਆ ਕਰਨ।''

**''ਪ੍ਰਭੂ ਯਿਸੂ ਵਿਚ'' (1)**

ਰੋਮੀਆਂ 14:14
''ਮੈਂ ਜਾਣਦਾ ਹਾਂ ਅਤੇ *ਪ੍ਰਭੂ ਯਿਸੂ ਵਿਚ* ਮੈਨੂੰ ਨਿਹਚਾ ਹੋਈ ਹੈ ਭਈ ਕੋਈ ਵਸਤ ਆਪ ਤੋਂ ਆਪ ਅਸ਼ੁੱਧ ਨਹੀਂ ਪਰ ਜਿਹੜਾ ਕਿਸੇ ਵਸਤ ਨੂੰ ਅਸ਼ੁੱਧ ਮੰਨਦਾ ਹੈ ਉਹ ਉਸ ਦੇ ਲਈ ਅਸ਼ੁੱਧ ਹੈ।''

**''ਪ੍ਰਭੂ ਵਿਚ'' (3)**

1 ਕੁਰਿੰਥੀਆਂ 4:17
''ਇਸ ਕਰਕੇ ਮੈਂ ਤਿਮੋਥਿਉਸ ਨੂੰ ਤੁਹਾਡੇ ਕੋਲ ਘੱਲਿਆ ਜਿਹੜਾ *ਪ੍ਰਭੂ ਵਿਚ* ਮੇਰਾ ਪਿਆਰਾ ਅਤੇ ਨਿਹਚੇ ਜੋਗ ਪੁੱਤਰ ਹੈ। ਉਹ ਮੇਰੇ ਵਰਤਾਵੇ ਜੋ ਮਸੀਹ ਵਿਚ ਹਨ ਤੁਹਾਨੂੰ ਚੇਤੇ ਕਰਾਵੇਗਾ ਜਿਸ ਤਰਾਂ ਮੈਂ ਸਭਨੀਂ ਥਾਈਂ ਹਰੇਕ ਕਲੀਸੀਆ ਵਿਚ ਉਪਦੇਸ਼ ਕਰਦਾ ਹਾਂ।''

2 ਕੁਰਿੰਥੀਆਂ 2:12
''ਜਾਂ ਮੈਂ ਮਸੀਹ ਦੀ ਖੁਸ਼ ਖਬਰੀ ਸੁਣਾਉਣ ਨੂੰ ਤ੍ਰੋਆਸ ਵਿਚ ਅੱਪੜਿਆ ਅਤੇ *ਪ੍ਰਭੂ ਵਿਚ* ਇਕ ਬੂਹਾ ਮੇਰੇ ਲਈ ਖੋਲ੍ਹਿਆ ਗਿਆ।''

ਪ੍ਰਕਾਸ਼ ਦੀ ਪੋਥੀ 14:13
''ਫਿਰ ਮੈਂ ਇਕ ਅਵਾਜ਼ ਅਕਾਸ਼ੋਂ ਇਹ ਆਖਦੇ ਸੁਣੀ ਭਈ ਲਿਖ ਲੈ, ਧੰਨ ਓਹ ਮੁਰਦੇ ਜਿਹੜੇ ਏਦੋਂ ਅੱਗੇ *ਪ੍ਰਭੂ ਵਿਚ* ਹੋ ਕੇ ਮਰਨ। ਆਤਮਾ ਆਖਦਾ ਹੈ, ਹਾਂ, ਇਸ ਲਈ ਜੋ ਉਨ੍ਹਾਂ ਦੀਆਂ ਮਿਹਨਤਾਂ ਤੋਂ ਉਨ੍ਹਾਂ ਨੂੰ ਅਰਾਮ ਮਿਲੇਗਾ ਕਿਉਂ ਜੋ ਉਨ੍ਹਾਂ ਦੇ ਕੰਮ ਉਨ੍ਹਾਂ ਦੇ ਨਾਲ ਨਾਲ ਜਾਂਦੇ ਹਨ।''

**''ਯਿਸੂ ਵਿਚ'' (2)**

ਅਫ਼ਸੀਆਂ 4:20, 21
''ਪਰ ਤੁਸਾਂ ਮਸੀਹ ਦੀ ਅਜਿਹੀ ਸਿੱਖਿਆ ਨਾ ਪਾਈ! ਜੇ ਤੁਸਾਂ ਕਿਤੇ ਉਹ ਦੀ ਸੁਣੀ ਅਤੇ ਜਿਵੇਂ

ਸਚਿਆਈ *ਯਿਸੂ ਵਿਚ* ਹੈ ਤਿਵੇਂ ਉਸ ਵਿਚ ਤੁਸੀਂ ਸਿਖਾਏ ਗਏ ਹੋ।''

1 ਥੱਸਲੁਨੀਕੀਆਂ 4:14
''ਕਿਉਂਕਿ ਜੋ ਸਾਨੂੰ ਇਹ ਪਰਤੀਤ ਹੋਈ ਹੈ ਭਈ ਯਿਸੂ ਮੋਇਆ ਅਤੇ ਫੇਰ ਜੀ ਉੱਠਿਆ ਤਾਂ ਕਿਸੇ ਤਰਾਂ ਪਰਮੇਸ਼ੁਰ ਉਨ੍ਹਾਂ ਨੂੰ ਵੀ *ਯਿਸੂ ਵਿਚ* ਸੌਂ ਗਏ ਹਨ ਉਹ ਦੇ ਨਾਲ ਲਿਆਵੇਗਾ।''

**''ਉਸ ਵਿਚ''** (20)

2 ਕੁਰਿੰਥੀਆਂ 1:19
''ਪਰਮੇਸ਼ੁਰ ਦਾ ਪੁੱਤਰ ਯਿਸੂ ਮਸੀਹ ਜਿਹ ਦਾ ਅਸਾਂ ਅਰਥਾਤ ਮੈਂ ਅਤੇ ਸਿਲਵਾਨੁਸ ਅਤੇ ਤਿਮੋਥਿਉਸ ਨੇ ਤੁਹਾਡੇ ਵਿਚ ਪ੍ਰਚਾਰ ਕੀਤਾ ਸੋ ਹਾਂ ਅਤੇ ਨਾਂਹ ਨਹੀਂ ਸਗੋਂ *ਉਸ ਵਿਚ* ਹਾਂ ਹੀ ਹਾਂ ਹੋਈ।''

2 ਕੁਰਿੰਥੀਆਂ 1:20
''ਕਿਉਂ ਜੋ ਪਰਮੇਸ਼ੁਰ ਦੀਆਂ ਪਰਤਿੱਗਿਆਂ ਭਾਵੇਂ ਕਿੰਨੀਆਂ ਹੀ ਹੋਣ *ਉਸ ਵਿਚ* ਹਾਂ ਹੀ ਹਾਂ ਹੈ। ਇਸ ਲਈ ਉਹ ਦੇ ਰਾਹੀਂ ਆਮੀਨ ਵੀ ਹੈ ਭਈ ਸਾਡੇ ਦੁਆਰਾ ਪਰਮੇਸ਼ੁਰ ਦੀ ਉਪਮਾ ਹੋਵੇ।''

2 ਕੁਰਿੰਥੀਆਂ 5:21
''ਉਸ ਨੇ ਉਸ ਨੂੰ ਜਿਹੜਾ ਪਾਪ ਦਾ ਜਾਣੂ ਨਹੀਂ ਸੀ ਸਾਡੀ ਖ਼ਾਤਰ ਪਾਪ ਠਹਿਰਾਇਆ ਤਾਂ ਜੋ ਅਸੀਂ *ਉਸ ਵਿਚ* ਹੋ ਕੇ ਪਰਮੇਸ਼ੁਰ ਦਾ ਧਰਮ ਬਣੀਏ।''

2 ਕੁਰਿੰਥੀਆਂ 13:4
''ਉਹ ਤਾਂ ਨਿਰਬਲਤਾਈ ਕਰਕੇ ਸਲੀਬ ਉੱਤੇ ਚੜ੍ਹਾਇਆ ਗਿਆ ਤਾਂ ਵੀ ਪਰਮੇਸ਼ੁਰ ਦੀ ਸਮਰੱਥਾ ਕਰਕੇ ਉਹ ਜੀਉਂਦਾ ਹੈ। ਕਿਉਂ ਜੋ ਅਸੀਂ ਵੀ *ਉਸ ਵਿਚ* ਨਿਰਬਲ ਹਾਂ ਪਰ ਉਹ ਦੇ ਸੰਗ ਪਰਮੇਸ਼ੁਰ ਦੀ ਸਮਰੱਥਾ ਕਰਕੇ ਜੀਵਾਂਗੇ ਜਿਹੜੀ ਤੁਹਾਡੇ ਲਈ ਹੈ।''

ਅਫ਼ਸੀਆਂ 1:4
''ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ *ਉਸ ਵਿਚ* ਚੁਣ ਲਿਆ ਭਈ ਅਸੀਂ ... ਪਵਿੱਤਰ ਅਤੇ ਨਿਰਮਲ ਹੋਈਏ।''

ਅਫ਼ਸੀਆਂ 1:9
''ਕਿਉਂ ਜੋ ਉਹ ਨੇ ਆਪਣੀ ਇੱਛਿਆ ਦੇ ਭੇਤ ਨੂੰ ਸਾਡੇ ਉੱਤੇ ਪਰਗਟ ਕੀਤਾ ਆਪਣੇ ਉਸ ਨੇਮ ਇਰਾਦੇ ਦੇ ਅਨੁਸਾਰ ਜਿਹੜਾ ਉਹ ਨੇ *ਉਸ ਵਿਚ* ਧਾਰਿਆ ਸੀ।''

ਅਫ਼ਸੀਆਂ 4:20, 21
''ਪਰ ਤੁਸਾਂ ਮਸੀਹ ਦੀ ਅਜਿਹੀ ਸਿੱਖਿਆ ਨਾ ਪਾਈ! ਜੇ ਤੁਸਾਂ ਕਿਤੇ ਉਹ ਦੀ ਸੁਣੀ ਅਤੇ ਜਿਵੇਂ ਸਚਿਆਈ ਯਿਸੂ ਵਿਚ ਹੈ ਤਿਵੇਂ *ਉਸ ਵਿਚ* ਤੁਸੀਂ ਸਿਖਾਏ ਗਏ ਹੋ।''

ਫ਼ਿਲਿੱਪੀਆਂ 3:8,9
''ਸਗੋਂ ਮਸੀਹ ਯਿਸੂ ਆਪਣੇ ਪ੍ਰਭੂ ਦੇ ਗਿਆਨ ਦੀ ਉੱਤਮਤਾਈ ਦੇ ਕਾਰਨ ਸਾਰੀਆਂ ਗੱਲਾਂ ਨੂੰ ਮੈਂ ਹਾਨ ਦੀਆਂ ਹੀ ਸਮਝਦਾ ਹਾਂ ਅਤੇ ਉਹ ਦੀ ਖਾਤਰ ਮੈਂ ਇਹਨਾਂ ਸਭਨਾਂ ਗੱਲਾਂ ਦੀ ਹਾਨ ਝੱਲੀ ਅਤੇ ਉਨ੍ਹਾਂ ਨੂੰ ਕੂੜਾ ਸਮਝਦਾ ਹਾਂ ਭਈ ਮੈਂ ਮਸੀਹ ਨੂੰ ਖੱਟ ਲਵਾਂ। ਅਤੇ ਮੈਂ *ਉਸ ਵਿਚ* ਪਾਇਆ ਜਾਵਾਂ ...''

ਕੁਲੁੱਸੀਆਂ 1:17
''ਅਤੇ ਉਸ ਸਭ ਤੋਂ ਪਹਿਲਾਂ ਹੈ ਅਰ ਸੱਭੋ ਕੁਝ *ਉਸੇ ਵਿਚ* ਕਾਇਮ ਰਹਿੰਦਾ ਹੈ।''

ਕੁਲੁੱਸੀਆਂ 1:19
''ਕਿਉਂ ਜੋ ਪਿਤਾ ਨੂੰ ਇਹ ਭਾਇਆ ਜੋ ਸਾਰੀ ਸੰਪੂਰਨਤਾਈ *ਉਸ ਵਿਚ* ਵੱਸੇ।''

ਕੁਲੁੱਸੀਆਂ 2:6, 7
''ਸੋ ਜਿਵੇਂ ਤੁਸਾਂ ਮਸੀਹ ਯਿਸੂ ਪ੍ਰਭੂ ਨੂੰ ਕਬੂਲ ਕੀਤਾ ਤਿਵੇਂ ਤੁਸੀਂ *ਉਸ ਵਿਚ* ਚੱਲਦੇ ਜਾਓ। ਅਤੇ ਜੜ੍ਹ ਫੜ ਕੇ ਅਤੇ ਉਹ ਦੇ ਉੱਤੇ ਉਸਰ ਕੇ ਅਤੇ ਆਪਣੀ ਨਿਹਚਾ ਵਿਚ ਦ੍ਰਿੜ੍ਹ ਹੋ ਕੇ ਜਿਵੇਂ ਤੁਹਾਨੂੰ ਉਪਦੇਸ਼ ਹੋਇਆ ਸੀ ਧੰਨਵਾਦ ਬਾਹਲਾ ਕਰਦੇ ਜਾਓ।''

ਕੁਲੁੱਸੀਆਂ 2:9
''ਕਿਉਂ ਜੋ ਪਰਮੇਸ਼ੁਰਤਾਈ ਦੀ ਸਾਰੀ ਭਰਪੂਰੀ *ਉਸ ਵਿਚ* ਦੇਹ ਧਾਰੀ ਹੋ ਕੇ ਵੱਸਦੀ ਹੈ।''

ਕੁਲੁੱਸੀਆਂ 2:10
''ਅਤੇ ਤੁਸੀਂ *ਉਸ ਵਿਚ* *ਵਿਚ* ਸੰਪੂਰਨ ਹੋ ਗਏ ਹੋ ਜਿਹੜਾ ਸਾਰੀ ਹਕੂਮਤ ਅਤੇ ਅਖ਼ਤਿਆਰ ਦਾ ਸਿਰ ਹੈ।''

2 ਥੱਸਲੁਨੀਕੀਆਂ 1:11, 12
''ਇਸੇ ਕਰਕੇ ਅਸੀਂ ਤੁਹਾਡੇ ਲਈ ਸਦਾ ਪ੍ਰਾਰਥਨਾ ਕਰਦੇ ਰਹਿੰਦੇ ਹਾਂ ਭਈ ਤੁਹਾਨੂੰ ਸਾਡਾ ਪਰਮੇਸ਼ੁਰ ਤੁਹਾਡੇ ਸੱਦੇ ਦੇ ਜੋਗ ਜਾਣੇ ਅਤੇ ਨੇਕੀ ਦੀ ਸਾਰੀ ਭਾਵਨਾ ਨੂੰ ਅਤੇ ਨਿਹਚਾ ਦੇ ਕੰਮ ਨੂੰ ਸਮਰੱਥਾ ਨਾਲ ਪੂਰਿਆ ਕਰੇ। ਤਾਂ ਜੋ ਸਾਡੇ ਪਰਮੇਸ਼ੁਰ ਅਤੇ ਪ੍ਰਭੂ ਯਿਸੂ ਮਸੀਹ ਦੀ ਕਿਰਪਾ ਦੇ ਅਨੁਸਾਰ ਤੁਹਾਡੇ ਵਿਚ ਸਾਡੇ ਪ੍ਰਭੂ ਯਿਸੂ ਦਾ ਨਾਮ ਵਡਿਆਇਆ ਜਾਵੇ ਅਤੇ *ਉਸ ਵਿਚ* ਤੁਸੀਂ ਵੀ।''

1 ਯੂਹੰਨਾ 2:27
''ਉਹ ਮਸਹ ਜੋ ਤੁਸਾਂ ਉਹ ਦੀ ਵੱਲੋਂ ਪਾਇਆ ਸੋ ਤੁਹਾਡੇ ਵਿਚ ਕਾਇਮ ਰਹਿੰਦਾ ਹੈ ਅਤੇ ਤੁਹਾਨੂੰ ਕੁਝ ਲੋੜ ਨਹੀਂ ਭਈ ਕੋਈ ਤੁਹਾਨੂੰ ਸਿੱਖਿਆ ਦੇਵੇ ਸਗੋਂ ਜਿਵੇਂ ਉਹ ਦਾ ਮਸਹ ਤੁਹਾਨੂੰ ਸਭਨਾਂ ਗੱਲਾਂ ਦੇ ਵਿਖੇ ਸਿੱਖਿਆ ਦਿੰਦਾ ਹੈ ਅਤੇ ਸਤ ਹੈ, ਝੂਠ ਨਹੀਂ, ਅਤੇ ਜਿਵੇਂ ਉਹ ਨੇ ਤੁਹਾਨੂੰ ਸਿੱਖਿਆ ਦਿੱਤੀ ਤਿਵੇਂ ਤੁਸੀਂ *ਉਸ ਵਿਚ* ਕਾਇਮ ਰਹੋ।''

1 ਯੂਹੰਨਾ 2:28
''ਅਤੇ ਹੁਣ ਹੇ ਬੱਚਿਓ, ਤੁਸੀਂ *ਉਸ ਵਿਚ* ਕਾਇਮ ਰਹੋ ਭਈ ਜਦ ਉਹ ਪਰਗਟ ਹੋਵੇ ਤਾਂ ਸਾਨੂੰ ਦਿਲੇਰੀ ਹੋਵੇ ਅਤੇ ਉਹ ਦੇ ਆਉਣ ਦੇ ਵੇਲੇ ਅਸੀਂ ਉਹ ਦੇ ਅੱਗੇ ਲੱਜਿਆਵਾਨ ਨਾ ਹੋਈਏ।''

1 ਯੂਹੰਨਾ 3:24
''ਅਤੇ ਜਿਹੜਾ ਉਹ ਦੇ ਹੁਕਮਾਂ ਦੀ ਪਾਲਨਾ ਕਰਦਾ ਹੈ ਇਹ *ਉਸ ਵਿਚ* ਅਤੇ ਉਹ ਇਹ ਦੇ ਵਿਚ ਰਹਿੰਦਾ ਹੈ। ਉਹ ਨੇ ਆਤਮਾ ਸਾਨੂੰ ਦਿੱਤੀ ਹੈ, ਇਸ਼ ਤੋਂ ਅਸੀਂ ਜਾਣਦੇ ਹਾਂ ਭਈ ਉਹ ਸਾਡੇ ਵਿਚ ਰਹਿੰਦਾ ਹੈ।''

1 ਯੂਹੰਨਾ 4:13
''ਉਹ ਨੇ ਆਪਣੇ ਆਤਮਾ ਵਿੱਚੋਂ ਸਾਨੂੰ ਦਾਨ ਜੋ ਕੀਤਾ ਹੈ ਇਸ ਤੋਂ ਅਸੀਂ ਜਾਦਦੇ ਹਾਂ ਜੋ ਅਸੀਂ *ਉਸ ਵਿਚ* ਰਹਿੰਦੇ ਹਾਂ ਅਤੇ ਉਹ ਸਾਡੇ ਵਿਚ ਰਹਿੰਦਾ ਹੈ।''

1 ਯੂਹੰਨਾ 5:20
''ਅਸੀਂ ਜਾਣਦੇ ਹਾਂ ਜੋ ਪਰਮੇਸ਼ੁਰ ਦਾ ਪੁੱਤਰ ਆਇਆ ਹੈ ਅਤੇ ਸਾਨੂੰ ਬੁੱਧੀ ਤਿੱਤੀ ਹੈ ਭਈ ਅਸੀਂ ਉਸ ਸੱਚੇ ਨੂੰ ਜਾਣੀਏ ਅਤੇ ਅਸੀਂ *ਉਸ ਵਿਚ* ਅਰਥਾਤ ਉਸ ਦੇ ਪੁੱਤਰ ਯਿਸੂ ਮਸੀਹ ਵਿਚ ਹਾਂ। ਸੱਚਾ ਪਰਮੇਸ਼ੁਰ ਅਤੇ ਸਦੀਪਕ ਜੀਵਨ ਇਹੋ ਹੈ।''

### ''ਉਸ ਵਿਚ'' (1)

ਅਫ਼ਸੀਆਂ 4:15
''ਸਗੋਂ ਅਸੀਂ ਪ੍ਰੇਮ ਨਾਲ ਸੱਚ ਕਮਾਉਂਦਿਆਂ ਹੋਇਆ *ਉਸ ਵਿਚ* ਜੋ ਸਿਰ ਹੈ ਅਰਥਾਤ ਮਸੀਹ ਵਿਚ ਹਰ ਤਰਾਂ ਵਧਦੇ ਜਾਈਏ।''

### ''ਜਿਹਦੇ ਵਿਚ'' (10)

ਅਫ਼ਸੀਆਂ 1:7
''*ਜਿਹ ਦੇ ਵਿਚ* ਉਸ ਦੇ ਲਹੂ ਦੇ ਦੁਆਰਾ ਸਾਨੂੰ ਨਿਸਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹ ਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ।''

ਅਫ਼ਸੀਆਂ 1:11
''ਹਾਂ, *ਓਸੇ ਵਿਚ* ਅਸੀਂ ਵੀ ਉਹ ਦੀ ਧਾਰਣਾ ਮੂਜਬ ਜਿਹੜਾ ਆਪਣੀ ਇੱਛਿਆ ਦੇ ਮਤੇ ਅਨੁਸਾਰ ਸੱਭੋ ਕੁਝ ਕਰਦਾ ਹੈ ਅੱਗੋਂ ਹੀ ਠਹਿਰਾਏ ਜਾ ਕੇ ਅਧਕਾਰ ਬਣ ਗਏ।''

ਅਫ਼ਸੀਆਂ 1:13
''*ਉਸ ਵਿਚ* ਜਿਸ ਵੇਲੇ ਤੁਸਾਂ ਸਚਿਆਈ ਦਾ ਵਚਨ ਅਰਥਾਤ ਆਪਣੀ ਮੁਕਤੀ ਦੀ ਖੁਸ਼ ਖਬਰੀ ਸੁਣੀ ਅਤੇ ਉਸ ਵਿਚ ਨਿਹਚਾ ਭੀ ਕੀਤੀ ਤਾਂ ਵਾਇਦੇ ਦੇ ਪਵਿੱਤਰ ਆਤਮਾ ਨਾਲ ਤੁਹਾਡੇ ਉੱਤੇ ਵੀ ਮੋਹਰ ਲੱਗੀ।''

ਅਫ਼ਸੀਆਂ 2:21
''*ਜਿਹ ਦੇ ਵਿਚ* ਸਾਰੀ ਇਮਾਰਤ ਇਕ ਸੰਗ ਜੁੜ ਕੇ ਪ੍ਰਭੂ ਵਿਚ ਪਵਿੱਤਰ ਹੈਕਲ ਬਣਦੀ ਜਾਂਦੀ ਹੈ।''

ਅਫ਼ਸੀਆਂ 2:22
''*ਜਿਸ ਵਿਚ* ਤੁਸੀਂ ਵੀ ਆਤਮਾ ਵਿਚ ਪਰਮੇਸ਼ੁਰ ਦਾ ਭਵਨ ਹੋਣ ਲਈ ਇਕ ਸੰਗ ਬਣਾਏ ਜਾਂਦੇ ਹੋ।''

ਅਫ਼ਸੀਆਂ 3:12
''*ਜਿਹ ਦੇ ਵਿਚ* ਉਸ ਉੱਤੇ ਨਿਹਚਾ ਕਰਨਦੇ ਦੁਆਰਾ ਸਾਨੂੰ ਦਿਲੇਰੀ ਅਤੇ ਢੋਈ ਭਰੋਸੇ ਨਾਲ ਪਰਾਪਤ ਹੁੰਦੀ ਹੈ।''

ਕੁਲੁੱਸੀਆਂ 1:14
''*ਉਸ ਦੇ ਵਿਚ* ਸਾਨੂੰ ਨਿਸਤਾਰਾ ਅਰਥਾਤ ਪਾਪਾਂ ਦੀ ਮਾਫ਼ੀ ਮਿਲਦੀ ਹੈ।''

ਕੁਲੁੱਸੀਆਂ 2:3
''*ਜਿਹ ਦੇ ਵਿਚ* ਬੁੱਧ ਅਤੇ ਗਿਆਨ ਦੇ ਸਾਰੇ ਖ਼ਜ਼ਾਨੇ ਗੁਪਤ ਹਨ।''

ਕੁਲੁੱਸੀਆਂ 2:11
''*ਜਿਹ ਦੇ ਵਿਚ* ਤੁਸੀਂ ਅਜਿਹੀ ਸੁੰਨਤ ਨਾਲ ਸੁੰਨਤੀ ਵੀ ਹੋਏ ਜੋ ਹੱਥਾਂ ਨਾਲ ਕੀਤੀ ਹੋਈ ਨਹੀਂ ਅਰਥਾਤ ਮਸੀਹ ਵਾਲੀ ਸੁੰਨਤ ਜਿਹ ਦੇ ਵਿਚ ਸਰੀਰਕ ਮਾਸ ਲਾਹ ਸੁੱਟੀਦਾ ਹੈ।''

### ''**ਉਹ ਦੇ ਪੁੱਤਰ ਵਿਚ**'' (1)

1 ਯੂਹੰਨਾ 5:11
''ਅਤੇ ਉਹ ਸਾਖੀ ਇਹ ਹੈ ਭਈ ਪਰਮੇਸ਼ੁਰ ਨੇ ਸਾਨੂੰ ਸਦੀਪਕ ਜੀਵਨ ਦਿੱਤਾ ਅਤੇ ਇਹ ਜੀਵਨ *ਉਹ ਦੇ ਪੁੱਤਰ ਵਿਚ* ਹੈ।''

### ''**ਉਸ ਦੇ ਪੁੱਤਰ ਯਿਸੂ ਮਸੀਹ ਵਿਚ**'' (1)

1 ਯੂਹੰਨਾ 5:20
''ਅਸੀਂ ਜਾਣਦੇ ਹਾਂ ਜੋ ਪਰਮੇਸ਼ੁਰ ਦਾ ਪੁੱਤਰ ਆਇਆ ਹੈ ਅਤੇ ਸਾਨੂੰ ਬੁੱਧੀ ਤਿੱਤੀ ਹੈ ਭਈ ਅਸੀਂ ਉਸ ਸੱਚੇ ਨੂੰ ਜਾਣੀਏ ਅਤੇ ਅਸੀਂ ਉਸ ਸੱਚੇ ਵਿਚ ਅਰਥਾਤ *ਉਸ ਦੇ ਪੁੱਤਰ ਯਿਸੂ ਮਸੀਹ ਵਿਚ* ਹਾਂ। ਸੱਚਾ ਪਰਮੇਸ਼ੁਰ ਅਤੇ ਸਦੀਪਕ ਜੀਵਨ ਇਹੋ ਹੈ।''

### ''**ਮਸੀਹ ਦੀ ਦੇਹ**'' (3)

ਰੋਮੀਆਂ 7:4
''ਸੋ ਮੇਰਿਓ ਭਰਾਵੋ ਤੁਸੀਂ ਵੀ *ਮਸੀਹ ਦੀ ਦੇਹ* ਦੇ ਵਸੀਲੇ ਨਾਲ ਸ਼ਰਾ ਦੇ ਸਰਬੰਧੋਂ ਮਰ ਗਏ ਭਈ ਤੁਸੀਂ ਦੂਏ ਦੇ ਹੋ ਜਾਓ ਅਰਥਾਤ ਉਹ ਦੇ ਜਿਹੜਾ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤੌਂ ਜੋ ਅਸੀਂ ਪਰਮੇਸ਼ੁਰ ਦੇ ਲਈ ਫਲ ਦੇਈਏ।''

1 ਕੁਰਿੰਥੀਆਂ 10:16

''ਉਹ ਬਰਕਤ ਦਾ ਪਿਆਲਾ ਜਿਹ ਦੇ ਉੱਤੇ ਅਸੀਂ ਬਰਕਤ ਮੰਗਦੇ ਹਾਂ ਕੀ ਉਹ ਮਸੀਹ ਦੇ ਲਹੂ ਦੀ ਸਾਂਝ ਨਹੀਂ? ਉਹ ਰੋਟੀ ਜਿਹ ਨੂੰ ਅਸੀਂ ਤੋੜਦੇ ਹਾਂ ਕੀ ਉਹ *ਮਸੀਹ ਦੇ ਸਰੀਰ* ਦੀ ਸਾਂਝ ਨਹੀਂ?''

ਅਫ਼ਸੀਆਂ 4:11, 12

''ਉਹ ਨੇ ਕਈਆਂ ਨੂੰ ਰਸੂਲ, ਕਈਆਂ ਨੂੰ ਨਬੀ, ਕਈਆਂ ਨੂੰ ਪ੍ਰਚਾਰਕ, ਕਈਆਂ ਨੂੰ ਪਾਸਬਾਨ ਅਤੇ ਉਸਤਾਦ ਕਰਕੇ ਦੇ ਦਿੱਤਾ। ਤਾਂ ਜੋ ਸੇਵਕਾਈ ਦੇ ਕੰਮ ਲਈ ਸੰਤ ਸਿੱਧ ਹੋਣ ਅਤੇ *ਮਸੀਹ ਦੀ ਦੇਹੀ* ਉੱਸਰਦੀ ਜਾਵੇ।''

## ''**ਮਸੀਹ ਦੇ ਸਰੀਰ**'' (1)

1 ਕੁਰਿੰਥੀਆਂ 12:27

''ਹੁਣ ਤੁਸੀਂ ਰਲ ਕੇ *ਮਸੀਹ ਦੇ ਸਰੀਰ* ਹੋ ਅਤੇ ਇਕ ਇਕ ਕਰਕੇ ਉਹ ਦੇ ਅੰਗ ਹੋ।''

## ''**ਉਸ ਦੀ ਦੇਹ**'' (3)

ਅਫ਼ਸੀਆਂ 1:22, 23

''ਅਤੇ ਸੱਭੋ ਕੁਝ ਉਸ ਦੇ ਪੈਰਾਂ ਹੇਠ ਕਰ ਦਿੱਤਾ ਅਤੇ ਸਭਨਾਂ ਵਸਤਾਂ ਉੱਤੇ ਸਿਰ ਬਣਨ ਲਈ ਉਸ ਨੂੰ ਕਲੀਸੀਆ ਲਈ ਦੇ ਦਿੱਤਾ। ਇਹ *ਉਸ ਦੀ ਦੇਹ* ਹੈ ਅਰਥਾਤ ਉਸ ਦੀ ਭਰਪੂਰੀ ਜਿਹੜਾ ਸਭਨਾਂ ਵਿਚ ਸੱਭੋ ਕੁਝ ਭਰਦਾ ਹੈ।''

ਕੁਲੁੱਸੀਆਂ 1:24

''ਹੁਣ ਮੈਂ ਆਪਣਿਆਂ ਉਹਨਾਂ ਦੁਖਾਂ ਵਿਚ ਜੋ ਤੁਹਾਡੇ ਲਈ ਝੱਲਦਾ ਹਾਂ ਅਨੰਦ ਹਾਂ ਅਤੇ ਮਸੀਹ ਦੀਆਂ ਬਿਪਤਾਂ ਦਾ ਘਾਟਾ ਮੈਂ *ਉਸ ਦੀ ਦੇਹੀ* ਅਰਥਾਤ ਕਲੀਸੀਆ ਦੇ ਲਈ ਆਪਣੇ ਸਰੀਰ ਵਿਚ ਪੂਰਾ ਕਰਦਾ ਹਾਂ।''

## ''**ਦੇਹੀ**'' (4)

ਅਫ਼ਸੀਆਂ 3:6

''ਅਰਥਾਤ ਏਹ ਕਿ ਮਸੀਹ ਵਿਚ ਖੁਸ਼ ਖਬਰੀ ਦੇ ਦੁਆਰਾ ਪਰਾਈਆਂ ਕੌਮਾਂ ਦੇ ਲੋਕ ਸੰਗੀ ਅਧਕਾਰੀ ਅਤੇ ਇੱਕੋ *ਦੇਹੀ* ਦੇ ਅਤੇ ਵਾਇਦੇ ਦੇ ਸਾਂਝੀ ਹਨ।''

ਅਫ਼ਸੀਆਂ 5:23

''ਕਿਉਂ ਜੋ ਪਤੀ ਪਤਨੀ ਦਾ ਸਿਰ ਹੈ ਜਿਵੇਂ ਮਸੀਹ ਭੀ ਕਲੀਸੀਆ ਦਾ ਸਿਰ ਹੈ। ਉਹ ਤਾਂ ਆਪ *ਦੇਹੀ* ਦਾ ਬਣਾਉਣ ਵਾਲਾ ਹੈ।''

ਕੁਲੁੱਸੀਆਂ 1:18

''ਅਤੇ ਉਹ *ਦੇਹੀ* ਦਾ ਅਰਥਾਤ ਕਲੀਸੀਆ ਦਾ ਸਿਰ ਹੈ, ਉਹੋ ਆਦ ਹੈ ਅਤੇ ਮੁਰਦਿਆਂ ਵਿੱਚੋਂ ਜੇਠਾ ਹੈ ਭਈ ਉਹ ਸਭਨਾਂ ਗੱਲਾਂ ਵਿਚ ਪ੍ਰਧਾਨ ਹੋਵੇ।''

ਕੁਲੁੱਸੀਆਂ 2:18, 19
''ਕੋਈ ਮਨੁੱਖ ਅਧੀਨਤਾਈ ਅਤੇ ਦੂਤਾਂ ਦੇ ਪੂਜਾ ਨੂੰ ਪਸੰਦ ਕਰ ਕੇ ਤੁਹਾਨੂੰ ਇਨਾਮ ਤੋਂ ਕਿਤੇ ਸੱਖਣਿਆਂ ਨਾ ਰੱਖੇ ਜਿਹੜਾ ਆਪਣੀ ਸਰੀਰਕ ਬੁੱਧ ਤੋਂ ਅਕਾਰਥ ਫੁੱਲ ਕੇ ਵੇਖੀਆਂ ਹੋਈਆਂ ਗੱਲਾਂ ਉੱਤੇ ਗੱਲਾਂ ਰਹਿੰਦਾ ਹੈ। ਅਤੇ ਉਸ ਸਿਰ ਨੂੰ ਫੜੀ ਨਹੀਂ ਰੱਖਦਾ ਜਿਸ ਤੋਂ ਸਾਰੀ *ਦੇਹੀ* ਜੋੜਾਂ ਪੱਠਿਆਂ ਦੇ ਰਾਹੀਂ ਪਲ ਕੇ ਅਤੇ ਆਪੋ ਵਿੱਚੀਂ ਜੁੜ ਕੇ ਪਰਮੇਸ਼ੁਰ ਵੱਲੋਂ ਵਧਦੀ ਜਾਂਦੀ ਹੈ।''

## ''ਇਕ ਸਰੀਰ'' (5)

ਰੋਮੀਆਂ 12:5
''ਤਿਵੇਂ ਅਸੀਂ ਜੋ ਢੇਰ ਸਾਰੇ ਹਾਂ ਮਸੀਹ ਵਿਚ ਮਿਲ ਕੇ *ਇਕ ਸਰੀਰ* ਹਾਂ ਅਰ ਇਕ ਇਕ ਕਰਕੇ ਇਕ ਦੂਏ ਦੇ ਅੰਗ ਹਾਂ।''

1 ਕੁਰਿੰਥੀਆਂ 12:13
''ਕਿਉਂ ਜੋ ਅਸਾਂ ਸਭਨਾਂ ਨੂੰ, ਕੀ ਯਹੂਦੀ, ਕੀ ਯੂਨਾਨਾ, ਕੀ ਗੁਲਾਮ, ਕੀ ਅਜ਼ਾਦ, *ਇਕ ਸਰੀਰ* ਬਣਨ ਲਈ ਇੱਕੋ ਆਤਮਾ ਨਾਲ ਬਪਤਿਸਮਾ ਦਿੱਤਾ ਗਿਆ ਅਤੇ ਅਸਾਂ ਸਭਨਾਂ ਨੂੰ ਇਕ ਆਤਮਾ ਪਿਆਇਆ ਗਿਆ।''

ਅਫ਼ਸੀਆਂ 2:14-16
''ਕਿਉਂ ਜੋ ਉਹ ਸਾਡਾ ਮਿਲਾਪ ਹੈ ਜਿਸ ਨੇ ਦੋਹਾਂ ਨੂੰ ਇਕ ਕੀਤਾ, ... ਤਾਂ ਜੋ ਦੋਹਾਂ ਤੋਂ ਆਪ ਵਿਚ ਇਕ ਨਵਾਂ ਇਨਸਾਨ ਰਚ ਕੇ ਮੇਲ ਕਰਾਵੇ। ਅਤੇ ਸਲੀਬ ਦੇ ਰਾਹੀਂ ਵੈਰ ਵਿਰੋਧ ਦਾ ਕੁੱਠਾ ਕਰ ਕੇ ਓਸੇ ਨਾਲ ਦੋਹਾਂ ਨੂੰ *ਇਕ ਸਰੀਰ* ਬਣਾ ਕੇ ਪਰਮੇਸ਼ੁਰ ਨਾਲ ਮਿਲਾਵੇ।''

ਅਫ਼ਸੀਆਂ 4:4
''ਭਈ ਅਸੀਂ ਅਗਾਹਾਂ ਨੂੰ ਨਿਆਣੇ ਨਾ ਰਹੀਏ ਜਿਹੜੇ ਮਨੁੱਖਾਂ ਦੀ ਠੱਗ ਵਿੱਦਿਆ ਅਤੇ ਭੁਲਾਉਣ ਵਾਲੀ ਛਲ ਛਿੱਦ੍ਰ ਰੂਪੀ ਚਤਰਾਈ ਨਾਲ ਸਿੱਖਿਆ ਦੇ ਹਰੇਕ ਬੁੱਲੇ ਨਾਲ ਐਧਰ ਓਧਰ ਡੋਲਦੇ ਫਿਰਦੇ ਹਨ।''

ਕੁਲੁੱਸੀਆਂ 3:15
''ਅਤੇ ਮਸੀਹ ਦੀ ਸ਼ਾਂਤ ਜਿਹ ਦੇ ਲਈ ਤੁਸੀਂ *ਇਕ ਸਰੀਰ* ਹੋ ਕੇ ਸੱਦੇ ਵੀ ਗਏ ਤੁਹਾਡਿਆਂ ਮਨਾਂ ਵਿਚ ਰਾਜ ਕਰੇ ਅਤੇ ਤੁਸੀਂ ਧੰਨਵਾਦ ਕਰਿਆ ਕਰੋ।''

ਟਿੱਪਣੀਆਂ

[1]ਜੇਮਸ ਐੱਸ.ਸਟੁਅਰਟ, *ਏ ਮੈਨ ਇਨ ਕ੍ਰਾਈਸਟ* (ਲੰਡਨ: ਹੋਡਬ ਐਂਡ ਸਟਾਉਟਨ, 1947), 157. [2]ਨੈਸੱਲੇ ਦੇ ਯੂਨਾਨੀ ਟੈਕਸਟ ਵਿਚ ''into Christ'' ਹੈ। [3]ਨੈਸਲੇ ਦੇ ਯੂਨਾਨੀ ਟੈਕਸਟ ਅਨੁਸਾਰ ਇਸ ਭਾਗ ਦੀ ਆਇਤ ਅਸਲ 'ਚ ''in the Christ''ਕਹਿੰਦੀ ਹੈ। [4]ਨੈਸਲੇ ਦੇ ਯੂਨਾਨੀ ਟੈਕਸਟ ਵਿਚ ''in the Christ Jesus'' ਹੈ। [5]ਨੈਸਲੇ ਦੇ ਯੂਨਾਨੀ ਟੈਕਸਟ ਵਿਚ ''through Jesus'' ਹੈ। [6]NASB ਵਿਚ ਬੇਸ਼ੱਕ ''in Him'' ਹੈ, ਨੈਸਲੇ ਦੇ ਯੂਨਾਨੀ ਟੈਕਸਟ ਵਿਚ ''in whom'' ਹੈ। [7]ਨੈਸਲੇ ਦੇ ਯੂਨਾਨੀ ਟੈਕਸਟ ਵਿਚ ''in whom also...'' ਹੈ।